
People's Herald



# "ਇਕੁਐਲਿਟੀ ਐਂਡ ਜਸਟਿਸ"

Rs- 160/month

https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा



People's Herald

PATIALA On line paper 21 ਨਵੰਬਰ 2025 ਸ਼ੁੱਕਰਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ

(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773



## ਰੋਜ਼ਾਨਾ ਕੀਰਤਨ ਦੀ ਲਾਈਵ, ਨੀਤੀ ਦੀ ਉਲੰਘਣਾ ਦਾ ਹਵਾਲਾ ਦੇ ਕੇ ਯੂਟਿਊਬ ਚੈਨਲ ਕੀਤਾ ਇੱਕ ਹਫ਼ਤੇ ਲਈ ਮੁਅੱਤਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com




ਯੂਟਿਊਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਅਧਿਕਾਰਤ ਯੂਟਿਊਬ ਚੈਨਲ, SGPC, ਸ੍ਰੀ ਅੰਮ੍ਰਿਤਸਰ ਨੂੰ ਆਪਣੀ ਨੀਤੀ ਦੀ ਉਲੰਘਣਾ ਦਾ ਹਵਾਲਾ ਦਿੰਦੇ ਹੋਏ ਇੱਕ ਹਫ਼ਤੇ ਲਈ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ 19 ਨਵੰਬਰ, 2025 ਦੀ ਸ਼ਾਮ ਨੂੰ ਹੋਈ, ਜਦੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਰਹਿਰਾਸ ਸਾਹਿਬ ਦੇ ਪਾਠ ਦਾ ਸਿੱਧਾ ਪ੍ਰਸਾਰਣ ਕੀਤਾ ਜਾ ਰਿਹਾ ਸੀ।

ਯੂਟਿਊਬ ਦੇ ਅਨੁਸਾਰ, 31 ਅਕਤੂਬਰ, 2025 ਨੂੰ ਅਪਲੋਡ ਕੀਤੀ ਗਈ ਇੱਕ ਵੀਡੀਓ 'ਤੇ ਇਸਦੀ ਨੀਤੀ ਦੇ ਤਹਿਤ ਇਤਰਾਜ਼ ਕੀਤਾ ਗਿਆ ਹੈ। ਵੀਡੀਓ ਵਿੱਚ ਇੱਕ ਸਿੱਖ ਪ੍ਰਚਾਰਕ ਸਿੱਖ ਇਤਿਹਾਸ ਨਾਲ ਸਬੰਧਤ ਤੱਥਾਂ ਅਤੇ 1984 ਦੀਆਂ ਘਟਨਾਵਾਂ ਦੇ ਹਵਾਲੇ ਪੇਸ਼ ਕਰ ਰਿਹਾ ਸੀ।

ਵੀਡੀਓ ਵਿੱਚ ਸਿੱਖ ਯੋਧਿਆਂ ਬਾਰੇ ਇਤਿਹਾਸਕ ਵਿਚਾਰ ਸਾਂਝੇ ਕੀਤੇ ਗਏ ਸਨ, ਜਿਸਨੂੰ ਯੂਟਿਊਬ ਨੇ ਆਪਣੇ ਸਮੱਗਰੀ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਮੰਨਿਆ। ਨਤੀਜੇ ਵਜੋਂ, ਚੈਨਲ ਦੀਆਂ ਗਤੀਵਿਧੀਆਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ। SGPC ਨੇ ਯੂਟਿਊਬ ਨੂੰ ਆਪਣਾ ਸਿੱਖ ਦ੍ਰਿਸ਼ਟੀਕੋਣ ਅਤੇ ਵੀਡੀਓ ਦੇ ਇਤਿਹਾਸਕ ਸੰਦਰਭ ਨੂੰ ਵਿਸਥਾਰ ਵਿੱਚ ਭੇਜਿਆ ਹੈ।

ਸੰਸਥਾ ਨੇ ਸਪੱਸ਼ਟ ਕੀਤਾ ਕਿ ਪੇਸ਼ ਕੀਤੀ ਗਈ ਸਮੱਗਰੀ ਸਿੱਖ ਇਤਿਹਾਸ ਦਾ ਇੱਕ ਪ੍ਰਮਾਣਿਕ ਹਿੱਸਾ ਹੈ ਅਤੇ ਇਸਦਾ ਉਦੇਸ਼ ਸਿਰਫ਼ ਧਾਰਮਿਕ ਅਤੇ ਇਤਿਹਾਸਕ ਜਾਣਕਾਰੀ ਸਾਂਝੀ ਕਰਨਾ ਸੀ। SGPC ਇਸ ਸਮੇਂ ਇਸ ਮਾਮਲੇ 'ਤੇ ਯੂਟਿਊਬ ਤੋਂ ਹੱਲ ਦੀ ਉਡੀਕ ਕਰ ਰਹੀ ਹੈ।

ਇਸ ਦੌਰਾਨ, ਸ਼੍ਰੋਮਣੀ ਕਮੇਟੀ ਨੇ ਦੁਨੀਆ ਭਰ ਦੀਆਂ ਸੰਗਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਗੁਰਬਾਣੀ ਕੀਰਤਨ ਦੀ ਲਾਈਵ ਸਟ੍ਰੀਮਿੰਗ ਲਈ ਸ਼੍ਰੋਮਣੀ ਕਮੇਟੀ ਦੇ ਦੂਜੇ ਅਧਿਕਾਰਤ ਯੂਟਿਊਬ ਚੈਨਲ – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ – ਨਾਲ ਜੁੜਨ ਦੀ ਅਪੀਲ ਕੀਤੀ ਹੈ।

## 'ਇਨ੍ਹਾਂ ਨੇ ਧਰਮ ਨੂੰ ਢਾਲ ਬਣਾ ਕੇ ਵਰਤਿਆ ਤੇ ਵੋਟਾਂ ਮੰਗੀਆਂ'-ਭਗਵੰਤ ਮਾਨ

### ਗਲਤੀਆਂ ਨੂੰ ਛੁਪਾਉਣ ਲਈ ਧਰਮ ਨੂੰ ਅੱਗੇ ਕਰ ਦਿੰਦੇ ਹਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ (Bhagwant Mann) ਨੇ ਵੀਰਵਾਰ ਨੂੰ ਸ਼੍ਰੋਮਣੀ ਅਕਾਲੀ ਦਲ (Shiromani Akali Dal) 'ਤੇ ਸ਼ਬਦੀ ਹਮਲਾ ਬੋਲਿਆ ਹੈ। CM ਮਾਨ ਨੇ ਵਿਰੋਧੀਆਂ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਹਮੇਸ਼ਾ ਧਰਮ ਦੇ ਨਾਂ 'ਤੇ ਵੋਟਾਂ ਮੰਗੀਆਂ ਹਨ ਅਤੇ ਜਦੋਂ ਵੀ ਇਨ੍ਹਾਂ 'ਤੇ ਕੋਈ ਮੁਸੀਬਤ ਆਉਂਦੀ ਹੈ ਜਾਂ ਕੋਈ ਇਨ੍ਹਾਂ ਦੀ ਨਿੰਦਾ ਕਰਦਾ ਹੈ, ਤਾਂ ਇਹ ਧਰਮ ਨੂੰ ਆਪਣੀ ਢਾਲ ਵਜੋਂ ਵਰਤਦੇ ਹਨ।

ਗਲਤੀਆਂ ਨੂੰ ਛੁਪਾਉਣ ਲਈ ਧਰਮ ਨੂੰ ਅੱਗੇ ਕਰ ਦਿੰਦੇ ਹਨ

ਮੁੱਖ ਮੰਤਰੀ ਨੇ ਤੰਜ ਕੱਸਦਿਆਂ ਕਿਹਾ ਕਿ ਇਹ ਲੋਕ ਆਪਣੀਆਂ ਗਲਤੀਆਂ ਨੂੰ ਛੁਪਾਉਣ ਲਈ ਧਰਮ ਨੂੰ ਅੱਗੇ ਕਰ ਦਿੰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਖੁੱਲ੍ਹੀ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਆਉਣ ਵਾਲੇ ਸੈਸ਼ਨ ਵਿੱਚ ਆ ਕੇ ਇਨ੍ਹਾਂ ਦੇ ਸਾਰੇ ਕੱਚੇ-ਚਿੱਠੇ ਖੋਲ੍ਹਣਗੇ। ਉਨ੍ਹਾਂ ਨੇ ਸਾਫ਼ ਕੀਤਾ ਕਿ ਹੁਣ ਧਰਮ ਦੇ ਨਾਂ



'ਤੇ ਰਾਜਨੀਤੀ ਕਰਨ ਵਾਲਿਆਂ ਦੀ ਅਸਲੀਅਤ ਜਨਤਾ ਦੇ ਸਾਹਮਣੇ ਲਿਆਂਦੀ ਜਾਵੇਗੀ।

## ਹੁਣ ਓਹ ਬੰਦੇ ਸਾਨੂੰ ਮਰਿਆਦਾ ਸਿਖਾਉਣਗੇ ਜਿਨ੍ਹਾਂ ਨੇ ਖੁਦ ਮਰਿਆਦਾ ਭੰਗ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ (Bhagwant Mann) ਨੇ ਜਥੇਦਾਰ ਗੜਗੱਜ 'ਤੇ ਤੰਜ ਕੱਸਿਆ ਹੈ। CM ਮਾਨ ਨੇ ਜਥੇਦਾਰ ਵੱਲੋਂ ਮਰਿਆਦਾ ਦਾ ਪਾਠ ਪੜ੍ਹਾਉਣ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਹੁਣ





ਉਹ ਲੋਕ ਸਾਨੂੰ ਮਰਿਆਦਾ ਬਾਰੇ ਦੱਸਣਗੇ, ਜਿਨ੍ਹਾਂ ਦੀ ਖੁਦ ਦੀ ਨਿਯੁਕਤੀ ਵੇਲੇ ਸਾਰੀਆਂ ਮਰਿਆਦਾਵਾਂ ਭੰਗ ਕਰ ਦਿੱਤੀਆਂ ਗਈਆਂ ਸਨ। ਦੱਸ ਦਈਏ ਕਿ ਮੁੱਖ ਮੰਤਰੀ ਨੇ ਉਨ੍ਹਾਂ ਦੀ ਨਿਯੁਕਤੀ ਦੇ ਸਮੇਂ ਅਤੇ ਤਰੀਕੇ 'ਤੇ ਸਵਾਲ ਖੜ੍ਹੇ ਕਰਦਿਆਂ ਇਹ ਵਿਅੰਗ ਕੱਸਿਆ ਹੈ। ਉਨ੍ਹਾਂ ਕਿਹਾ ਕੀ ਸੁਖਬੀਰ ਬਾਦਲ ਤੇ ਹੋਰਨਾਂ ਨੇ ਅਕਾਲ ਤਖਤ ਅੱਗੇ ਖੁਦ ਮੰਨਿਆ ਕੀ ਗੋਲਕਾਂ ਦੇ ਪੈਸੇ ਚੋਂ ਅਖਬਾਰਾਂ ਚ ਇਸ਼ਤਿਹਾਰ ਦਿੱਤੇ ਗਏ ਜੋ ਵਾਪਸ ਵੀ ਕਰਾਏ ਗਏ.

## ਇਨਕਲਾਬੀ ਕੇਂਦਰ ਵੱਲੋਂ ਮਾਓਵਾਦੀਆਂ ਨੂੰ ਪੁਲਿਸ ਮੁਕਾਬਲਿਆਂ ਦੇ ਨਾਂ ਹੇਠ ਮਾਰ ਮੁਕਾਉਣ ਦੀ ਨਿਖੇਧੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com

ਇਨਕਲਾਬੀ ਕੇਂਦਰ ਪੰਜਾਬ ਨੇ ਛੱਤੀਸਗੜ੍ਹ, ਆਂਧਰਾ ਸਰਹੱਦ ਉੱਪਰ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਸਕੱਤਰ ਤ੍ਰਿਪਤੀ (ਦੇਵ ਜੀ), ਕੇਂਦਰੀ ਕਮੇਟੀ ਮੈਂਬਰ ਮਾਧਵੀ ਹਿੜਮਾ ਸਮੇਤ ਕੇਂਦਰੀ ਕਮੇਟੀ ਮੈਂਬਰਾਂ ਨੂੰ ਪੁਲਿਸ ਮੁਕਾਬਲਿਆਂ ਦੇ ਨਾਂ ਥੱਲੇ ਮਾਰਨ ਨੂੰ ਮੋਦੀ ਹਕੂਮਤ ਖਾਸ ਕਰ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਆਪਣੀ ਸਭ ਤੋਂ ਅਹਿਮ ਪ੍ਰਾਪਤੀ ਕਰਾਰ ਦੇਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਅਦਾਲਤ ਵਿੱਚ ਪੇਸ਼ ਕਰਨ ਦੀ ਮੰਗ ਕੀਤੀ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਭਾਜਪਾ-ਸੰਘ ਸਰਕਾਰ ਦੀ ਆਦਿਵਾਸੀ ਇਲਾਕਿਆਂ ਵਿੱਚ ਜੀਵਨ ਸੋਮੇ-ਜਲ, ਜੰਗਲ, ਜ਼ਮੀਨ ਬਚਾਉਣ ਲਈ ਸੰਘਰਸ਼ ਕਰ ਰਹੇ ਆਦਿਵਾਸੀਆਂ gv/ ਮਾਓਵਾਦੀਆਂ ਨੂੰ ਮਾਰ ਕੇ ਮੁਕਾਉਣ ਦੀ ਨੀਤੀ ਕਾਨੂੰਨ ਦੇ ਰਾਜ ਅਤੇ ਦੁਨੀਆਂ ਦੀ ਵੱਡੀ ਜਮਹੂਰੀਅਤ ਹੋਣ ਦੇ ਦਾਅਵੇ ਦੇ ਝੂਠ ਨੂੰ ਬੇਪਰਦ ਕਰਦੀ ਹੈ ਕਿ ਵਰਦੀਧਾਰੀ ਦਹਿਸ਼ਤ ਕਿੰਨੀ ਖ਼ਤਰਨਾਕ ਹੋ ਸਕਦੀ ਹੈ ਅਤੇ ਇਸਦੇ ਸਿੱਟੇ ਕਿੰਨੇ ਭਿਆਨਕ ਹਨ।

ਉਹਨਾਂ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਮਾਓਵਾਦੀਆਂ ਅਤੇ ਆਦਿਵਾਸੀਆਂ ਉੱਪਰ ਢਾਹਿਆ ਜਾ ਰਿਹਾ ਜ਼ੁਲਮ ਇਸਦਾ ਪ੍ਰਤੱਖ ਪ੍ਰਮਾਣ ਹੈ। ਅਦਾਲਤੀ ਪ੍ਰਬੰਧ ਵੀ ਮੌਨ ਰਹਿਕੇ ਹਕੂਮਤ ਦੇ ਜਾਬਰ ਹੱਲੇ ਨੂੰ ਜਾਇਜ਼ ਠਹਿਰਾ ਰਿਹਾ ਹੈ। ਭਾਜਪਾ-ਸੰਘ ਦੀ ਅਗਵਾਈ ਵਾਲੀ ਮੋਦੀ-ਸਾਹ ਹਕੂਮਤ ਅਜਿਹਾ ਸਾਰਾ ਅਮਲ ਦੇਸ਼ ਖਾਸ ਕਰ ਲੱਖਾਂ ਲੱਖਾਂ ਆਦਿਵਾਸੀ/ਕਬਾਇਲੀ ਲੋਕਾਂ ਦੇ ਜੀਵਨ ਬਸਰ ਦੇ ਸਾਧਨਾਂ ਨੂੰ ਅਡਾਨੀ/ਅੰਬਾਨੀ ਜਿਹੇ ਦੇਸ਼ੀ ਬਦੇਸੀ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਕਰ ਰਹੀ ਹੈ। ਇਸ ਹਕੂਮਤ ਦੇ ਰਾਜ ਵਿੱਚ ਪੱਤਰਕਾਰਾਂ, ਲੇਖਕਾਂ, ਸਿਆਸੀ ਕਾਰਕੁੰਨਾਂ (ਖਾਸ ਕਰ ਮੁਸਲਿਮ ਭਾਈਚਾਰੇ ਨਾਲ ਸਬੰਧਿਤ) ਅਤੇ ਜਮਹੂਰੀ ਹੱਕਾਂ ਦੀ ਗੱਲ ਕਰਨ ਵਾਲੇ ਸਿਆਸੀ ਕਾਰਕੁੰਨਾਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਸਾਲਾਂਬੱਧੀ ਬਿਨਾਂ ਮੁਕੱਦਮਾਂ ਚਲਾਇਆਂ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ।

ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਅਤੇ ਜਸਵੰਤ ਜੀਰਖ ਨੇ ਮੰਗ ਕੀਤੀ ਹੈ ਕਿ ਝੂਠੇ ਪੁਲਿਸ ਮੁਕਾਬਲੇ ਬੰਦ ਕੀਤੇ ਜਾਣ। ਹਿਰਾਸਤ 'ਚ ਰੱਖੇ ਮਾਓਵਾਦੀਆਂ, ਆਦਿਵਾਸੀਆਂ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇ। ਬਿਨਾਂ ਮੁਕੱਦਮਾ ਚਲਾਇਆਂ ਪੰਜ ਪੰਜ ਸਾਲ ਤੋਂ ਵੀ ਵੱਧ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿਆਸੀ ਕਾਰਕੁੰਨਾਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਖਾਸ ਕਰ ਮੁਸਲਿਮ ਧਾਰਮਿਕ ਗਿਣਤੀ ਕਾਰਕੁਨਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਕਿ ਆਰ ਐੱਸ ਐੱਸ ਦੀ ਅਗਵਾਈ ਵਾਲੀ ਮੋਦੀ ਹਕੂਮਤ ਦਾ ਇਹ ਹਮਲਾ ਮਾਓਵਾਦੀਆਂ/ਆਦਿਵਾਸੀਆਂ ਤੱਕ ਸੀਮਤ ਨਹੀਂ ਰਹੇਗਾ ਸਗੋਂ ਵਿਰੋਧ ਦੀ ਹਰ ਆਵਾਜ਼ ਨੂੰ ਜ਼ਬਰ ਰਾਹੀਂ ਕੁਚਲਣ ਦੇ ਰਾਹ ਅੱਗੇ ਵਧੇਗਾ। ਆਗੂਆਂ ਨੇ ਕੇਂਦਰ ਸਰਕਾਰ ਦੇ ਅਤਿ ਜਾਬਰ ਫਾਸ਼ੀ ਹਮਲੇ ਖ਼ਿਲਾਫ਼ ਇਨਕਲਾਬੀ ਜਮਹੂਰੀ ਸ਼ਕਤੀਆਂ ਨੂੰ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਹੈ।

## ਹੋਮਿਓਪੈਥਿਕ ਵਿਭਾਗ ਵਿੱਚ 115 ਅਸਾਮੀਆਂ ਦੀ ਭਰਤੀ ਨੂੰ ਪ੍ਰਵਾਨਗੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com

ਵੱਖ-ਵੱਖ ਤਕਨੀਕੀ ਅਤੇ ਪ੍ਰਸ਼ਾਸਕੀ ਅਹੁਦਿਆਂ ਦੀ ਪੁਨਰ ਸੁਰਜੀਤੀ ਅਤੇ ਭਰਤੀ ਰਾਹੀਂ ਹੋਮਿਓਪੈਥਿਕ ਵਿਭਾਗ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਫੈਸਲੇ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਕਿਹਾ ਕਿ ਵਿੱਤ ਵਿਭਾਗ ਵੱਲੋਂ ਹੋਮਿਓਪੈਥਿਕ ਵਿਭਾਗ ਦੇ ਅੰਦਰ ਵੱਖ-ਵੱਖ ਕਾਡਰਾਂ ਵਿੱਚ ਕੁੱਲ 115 ਅਸਾਮੀਆਂ ਲਈ ਪੁਨਰ ਸੁਰਜੀਤੀ ਅਤੇ ਭਰਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਸੂਬੇ ਭਰ ਵਿੱਚ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਲਈ ਵਿਭਾਗ ਦੀ ਸਮਰੱਥਾ ਨੂੰ ਵਧਾਉਣ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਸ ਬਾਰੇ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 115 ਅਸਾਮੀਆਂ ਲਈ ਭਰਤੀ ਵਿੱਚ ਹੋਮਿਓਪੈਥਿਕ ਮੈਡੀਕਲ ਅਫਸਰ (ਐਚਐਮਓ) ਦੀਆਂ 42 ਅਸਾਮੀਆਂ, ਡਿਸਪੈਂਸਰ (ਹੋਮਿਓਪੈਥਿਕ) ਦੀਆ 72 ਅਸਾਮੀਆਂ ਅਤੇ 1 ਕਲਰਕ ਦੀ ਅਸਾਮੀ ਸ਼ਾਮਲ ਹੈ।



ਉਨ੍ਹਾਂ ਕਿਹਾ ਕਿ ਇਨ੍ਹਾਂ 115 ਅਸਾਮੀਆਂ ਲਈ ਭਰਤੀ ਪ੍ਰਕਿਰਿਆ ਦੋ ਸਾਲਾਂ ਵਿੱਚ ਪੜਾਅਵਾਰ ਲਾਗੂ ਕੀਤੀ ਜਾਵੇਗੀ।

# CM ਭਗਵੰਤ ਮਾਨ ਤੇ AAP ਸੁਪਰੀਮੋ ਕੇਜਰੀਵਾਲ ਨੇ ਰੱਖਿਆ ਨੀਂਹ ਪੱਥਰ, ਖ਼ਰਚਾ ਆਇਆ ਪੌਣੇ 2 ਕਰੋੜ ਰੁਪਏ

## ਮੁੱਖ ਮੰਤਰੀ ਭਗਵੰਤ ਮਾਨ ਤੇ ਕੇਜਰੀਵਾਲ ਵਲੋਂ ਇਕ ਨੀਂਹ ਪੱਥਰ ਰੱਖਣ ਦਾ ਖਰਚਾ ਪੌਣੇ ਦੋ ਕਰੋੜ ਰੁਪਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਨਵੰਬਰ
INTERNATIONAL PAPER, 94636 01616
hardipchumber57@gmail.com



ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਬੀਤੇ ਦਿਨੀਂ ਰੱਖੇ ਗਏ ਇਕ ਨੀਂਹ ਪੱਥਰ ਦਾ ਖਰਚ ਪੌਣੇ ਦੋ ਕਰੋੜ ਰੁਪਏ ਹੋਇਆ ਹੈ। ਜਲੰਧਰ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕੀਤਾ ਗਿਆ ਪ੍ਰਸਤਾਵ ਨੰਬਰ 99 ਵਿਵਾਦਪੂਰਨ ਹੋ ਗਿਆ ਹੈ। ਭਾਜਪਾ ਨੇ ਸਵਾਲ ਉਠਾਏ ਅਤੇ ਹੰਗਾਮਾ ਕੀਤਾ। ਇਹ ਪ੍ਰਸਤਾਵ 11 ਜੂਨ ਨੂੰ ਜਲੰਧਰ ਦੇ ਬਾਲਟਰਨ ਪਾਰਕ ਵਿਖੇ ਸਪੋਰਟਸ ਹੱਬ ਦੇ ਨੀਂਹ ਪੱਥਰ ਰੱਖਣ ਦੇ ਸਮਾਰੋਹ ਨਾਲ ਸਬੰਧਤ ਹੈ। ਇਸ ਸਮਾਗਮ ਦਾ ਬਿੱਲ 1.75 ਕਰੋੜ ਰੁਪਏ ਦਾ ਅਨੁਮਾਨ ਹੈ। ਭਾਜਪਾ ਨੇ ਸਵਾਲ ਕੀਤਾ ਕਿ ਕੀ ਇਹ ਇੱਕ ਖਾਸ ਸਮਾਗਮ ਸੀ ਅਤੇ ਸਪੱਸ਼ਟੀਕਰਨ ਦੀ ਮੰਗ ਕੀਤੀ।

ਨਗਰ ਨਿਗਮ ਹਾਊਸ ਵਿੱਚ ਪੇਸ਼ ਕੀਤੀ ਗਈ ਰੇਟ ਸੂਚੀ ਵਿੱਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਲਈ ਇੱਕ ਰਾਜ ਪੱਧਰੀ ਸਮਾਗਮ ਆਯੋਜਿਤ ਕੀਤਾ ਗਿਆ ਸੀ। ਗਾਇਕ ਕੁਲਵਿੰਦਰ ਬਿੱਲਾ ਨੂੰ 8 ਲੱਖ ਰੁਪਏ 'ਚ ਬੁਲਾਇਆ ਗਿਆ ਸੀ।

ਪ੍ਰਸਤਾਵ ਦੇ ਨਾਲ ਪੇਸ਼ ਕੀਤੀ ਗਈ ਰੇਟ ਸੂਚੀ ਵਿੱਚ ਲਾਈਵ ਕਵਰੇਜ ਲਈ BSNL ਦਾ ਇੰਟਰਨੈੱਟ ਬਿੱਲ 1.750 ਲੱਖ ਰੁਪਏ ਦੇ ਕਰੀਬ ਦਿਖਾਇਆ ਗਿਆ ਹੈ, ਜਦੋਂ ਕਿ ਏਅਰਟੈੱਲ ਦਾ ਇੰਟਰਨੈੱਟ ਬਿੱਲ 3,563 ਰੁਪਏ ਹੈ। ਮਹਿਮਾਨਾਂ ਲਈ ਖਾਣੇ ਦੀ ਕੀਮਤ 1.6 ਮਿਲੀਅਨ ਰੁਪਏ ਹੈ। ਪੰਜਾਬ ਰੋਡਵੇਜ਼ ਲੋਕਾਂ ਨੂੰ ਸਮਾਗਮ ਵਿੱਚ ਲੈ ਕੇ ਆਇਆ, ਜਿਸਦੀ ਕੀਮਤ 59 ਲੱਖ ਰੁਪਏ ਸੀ। ਇਸ ਤਰ੍ਹਾਂ, 77 ਕਰੋੜ ਰੁਪਏ ਦੇ ਬਾਲਟਰਨ ਪਾਰਕ ਲਈ ਨੀਂਹ ਪੱਥਰ ਰੱਖਣ ਦੀ ਰਸਮ 1.75 ਕਰੋੜ ਰੁਪਏ ਤੋਂ ਵੱਧ ਹੈ।

# 'ਆਪ' ਵਿਧਾਇਕ ਖਿਲਾਫ ਵਕੀਲਾਂ ਨੇ ਕੀਤੀ ਸੜਕ ਜਾਮ, ਵਿੱਤ ਮੰਤਰੀ ਕਾਫਲਾ ਰੋਕ ਕੇ ਗੱਲ ਕਰਨ ਪਹੁੰਚੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਨਵੰਬਰ
INTERNATIONAL PAPER, 94636 01616
hardipchumber57@gmail.com





ਪੰਜਾਬ ਵਿੱਚ ਵਕੀਲਾਂ ਵੱਲੋਂ ਆਮ ਆਦਮੀ ਪਾਰਟੀ ਦੇ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ ਸੜਕ ਜਾਮ ਕੀਤੀ ਜਾ ਰਹੀ ਹੈ। ਸੰਗਰੂਰ ਵਿਚ ਇਕ ਜਾਇਦਾਦ ਦੇ ਮਾਮਲੇ ਵਿੱਚ ਵਿਧਾਇਕ ਨਰਿੰਦਰ ਕੌਰ ਭਰਾਜ ਉਤੇ ਦੋਸ਼ ਲਗਾਏ ਕਿ ਉਨ੍ਹਾਂ ਵੱਲੋਂ ਇਕ ਧਿਰ ਦੀ ਮਦਦ ਕੀਤੀ ਜਾ ਰਹੀ ਹੈ। ਸੰਗਰੂਰ ਵਿਚ ਇਕ ਜਾਇਦਾਦ ਨੂੰ ਲੈ ਕੇ ਵਿਵਾਦ ਚਲਦਾ ਹੈ। ਵਕੀਲਾਂ ਨੇ ਦੋਸ਼ ਲਗਾਇਆ ਕਿ ਵਿਧਾਇਕ ਭਰਾਜ ਦੀ ਮਦਦ ਨਾਲ ਵਕੀਲ ਦੇ ਪਲਾਟ ਵਿਚ ਕੰਧ ਕੱਢੀ ਜਾ ਰਹੀ ਹੈ। ਵਕੀਲਾਂ ਵੱਲੋਂ ਲੁਧਿਆਣਾ ਦਿੱਲੀ ਹਾਈਵੇ ਨੂੰ ਕੀਤਾ ਗਿਆ। ਇਸ ਮੌਕੇ ਕੋਲ ਦੀ ਲੰਘ ਰਹੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਆਪਣਾ ਕਾਫਲਾ ਰੋਕ ਕੇ ਪ੍ਰਦਰਸ਼ਨਕਾਰੀਆਂ ਵਕੀਲਾਂ ਨਾਲ ਗੱਲ ਕਰਨ ਪਹੁੰਚੇ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੈਂ ਇਕ ਪ੍ਰੋਗਰਾਮ ਵਿਚ ਹਿੱਸਾ ਲੈ ਕੇ ਵਾਪਸ ਆ ਰਿਹਾ ਹੈ। ਇਸ ਮਸਲੇ ਦਾ ਬੈਠ ਕੇ ਗੱਲ ਕਰਕੇ ਹੱਲ ਕਰਦੇ ਹਾਂ। ਵਕੀਲਾਂ ਨੇ ਕਿਹਾ ਕਿ ਵਿਧਾਇਕ ਸਾਡੀ ਗੱਲ ਸੁਣਨ ਲਈ ਤਿਆਰ ਨਹੀਂ ਹੈ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਸਾਡਾ ਮਸਲਾ ਹੱਲ ਨਹੀਂ ਕੀਤਾ ਜਾ ਰਿਹਾ।

ਦੂਜੇ ਪਾਸੇ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਮੇਰਾ ਇਸ ਮਾਮਲੇ ਵਿਚ ਕੁਝ ਲੈਣ ਦੇਣ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਨੂੰ ਜਾਣ ਬੁੱਝ ਕੇ ਫਸਾਇਆ ਜਾ ਰਿਹਾ ਹੈ। ਉਨ੍ਹਾਂ ਵਕੀਲਾਂ ਨੂੰ ਕਿਹਾ ਕਿ ਇਸ ਨੂੰ ਰਾਜਨੀਤਿਕ ਰੰਗਤ ਨਾ ਦਿੱਤੀ ਜਾਵੇ। ਮੈਂ ਕਿਸੇ ਵੀ ਧਿਰ ਦੀ ਮਦਦ ਨਹੀਂ ਕਰ ਰਹੀ।

# ਆਰ. ਐਸ. ਐਸ. ਆਗੂ ਦੇ ਪੋਤੇ ਦੇ ਕਤਲ ਮਾਮਲੇ 'ਚ ਪੁਲਿਸ ਨੇ ਮੁੱਖ ਸਰਗਨੇ ਦਾ ਕੀਤਾ ਐਨਕਾਊਂਟਰ

## ਬੀਤੇ ਦਿਨੀਂ ਨਵੀਨ ਅਰੋੜਾ ਨਾਮਕ ਵਿਅਕਤੀ ਦਾ ਕੀਤਾ ਗਿਆ ਸੀ ਕਤਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਨਵੰਬਰ
INTERNATIONAL PAPER, 94636 01616
hardipchumber57@gmail.com



ਫਿਰੋਜ਼ਪੁਰ : ਬੀਤੇ ਦਿਨੀਂ ਫਿਰੋਜ਼ਪੁਰ ਦੇ ਮੋਚੀ ਬਜਾਰ ਵਿੱਚ ਕੁੱਝ ਅਣਪਛਾਤੇ ਵਿਅਕਤੀਆਂ ਵੱਲੋਂ ਆਰ. ਐਸ. ਐਸ. ਆਗੂ ਦੇ ਪੋਤੇ ਨਵੀਨ ਅਰੋੜਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ । ਜਿਸ ਤੋਂ ਬਾਅਦ ਲਗਾਤਾਰ ਪੁਲਿਸ ਪ੍ਰਸ਼ਾਸਨ 'ਤੇ ਸੁਰੱਖਿਆ ਨੂੰ ਲੈ ਕੇ ਵੱਡੇ ਸਵਾਲ ਉੱਠੇ ਸਨ । ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਫਿਰੋਜ਼ਪੁਰ ਪੁਲਿਸ ਬੀਤੇ ਕੱਲ੍ਹ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਜਦਿਕ ਬੀਤੀ ਰਾਤ ਫਿਰੋਜ਼ਪੁਰ ਪੁਲਿਸ ਨੇ ਇੱਕ ਹੋਰ ਵਿਅਕਤੀ ਦਾ ਐਨਕਾਊਂਟਰ ਕਰ ਦਿੱਤਾ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ. ਐਸ. ਪੀ. ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਬੀਤੇ ਦਿਨੀਂ ਜੋ ਨਵੀਨ ਅਰੋੜਾ ਦਾ ਕਤਲ ਹੋਇਆ ਸੀ । ਉਸ ਵਿੱਚ ਪੁਲਿਸ ਲਗਾਤਾਰ ਕਾਤਲਾਂ ਦੀ ਭਾਲ ਕਰ ਰਹੀ । ਜਿਸ ਦੇ ਚਲਦਿਆਂ ਉਨ੍ਹਾਂ ਇਤਲਾਹ ਮਿਲੀ ਕਿ ਜਤਿਨ ਕਾਲੀ ਜੋ ਇਸ ਮਾਮਲੇ ਦਾ ਮੁੱਖ ਸਰਗਨਾ ਹੈ । ਉਹ ਪਿੰਡ ਆਰਿਫ਼ ਕੇ ਵਾਲੀ ਸਾਇਡ ਜਾ ਰਿਹਾ ਹੈ । ਜਦ ਪੁਲਿਸ ਪਾਰਟੀ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਜਤਿਨ ਕਾਲੀ ਨੇ ਪੁਲਿਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ ਜਵਾਬੀ ਕਾਰਵਾਈ ਵਿੱਚ ਉਸ ਦੇ ਵੀ ਗੋਲੀ ਲੱਗੀ ਹੈ । ਜਿਸ ਨੂੰ ਹਸਪਤਾਲ ਲਿਆਂਦਾ ਗਿਆ ਹੈ ਅਤੇ ਪੁਲਿਸ ਵੱਲੋਂ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਟ੍ਰਾਈਡੈਂਟ ਗਰੁੱਪ ਪੰਜਾਬ ਵਿੱਚ 2000 ਕਰੋੜ ਰੁਪਏ ਦਾ ਨਿਵੇਸ਼ ਕਰੇਗਾ: ਕੈਬਨਿਟ ਮੰਤਰੀ ਸੰਜੀਵ ਅਰੋੜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਨਵੰਬਰ
INTERNATIONAL PAPER, 94636 01616
hardipchumber57@gmail.com



ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਇੱਕ ਮਜ਼ਬੂਤ, ਜਵਾਬਦੇਹ ਅਤੇ ਅਗਾਂਹਵਧੂ ਉਦਯੋਗਿਕ ਮਾਹੌਲ ਸਿਰਜਣ ਅਤੇ ਪੰਜਾਬ ਨੂੰ ਉਦਯੋਗਿਕ ਹੱਬ ਬਣਾਉਣ ਦੇ ਯਤਨਾਂ ਦਰਮਿਆਨ ਟ੍ਰਾਈਡੈਂਟ ਗਰੁੱਪ, ਜਿਸਦਾ ਮਾਰਕੀਟ ਕੈਪ 18 ਹਜ਼ਾਰ ਕਰੋੜ ਰੁਪਏ ਅਤੇ ਟਰਨਓਵਰ 10 ਹਜ਼ਾਰ ਕਰੋੜ ਰਪੁਏ ਹੈ, ਪੰਜਾਬ ਵਿੱਚ 2000 ਕਰੋੜ ਰੁਪਏ ਦਾ ਨਿਵੇਸ਼ ਕਰਨ ਜਾ ਰਿਹਾ ਹੈ। ਇਸ ਸਬੰਧ ਵਿੱਚ ਉਨ੍ਹਾਂ ਦੱਸਿਆ ਕਿ ਟ੍ਰਾਈਡੈਂਟ ਗਰੁੱਪ ਵੱਲੋਂ ਟੈਰੀ ਟਾਵਲ ਉਤਪਾਦਨ ਦੇ ਵਿਸਥਾਰ ਅਤੇ ਕਾਗਜ਼ ਨਿਰਮਾਣ ਉਦਯੋਗ ਦੇ ਆਧੁਨਿਕੀਕਰਨ ਲਈ ਬਰਨਾਲਾ ਵਿੱਚ 1500 ਕਰੋੜ ਰੁਪਏ ਅਤੇ ਮੋਹਾਲੀ ਵਿੱਚ ਇੱਕ ਕਾਰਪੋਰੇਟ ਦਫ਼ਤਰ ਅਤੇ ਸਮਰੱਥਾ ਨਿਰਮਾਣ ਕੇਂਦਰ ਦੀ ਸਥਾਪਨਾ ਲਈ 500 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਇਸ ਨਿਵੇਸ਼ ਨਾਲ ਮੁੱਖ ਤੌਰ 'ਤੇ 2000 ਸੈਮੀ ਸਕਿਲਡ ਪੇਂਡੂ ਔਰਤਾਂ ਨੂੰ ਰੋਜ਼ਗਾਰ ਮਿਲੇਗਾ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੇ ਪ੍ਰਗਤੀਸ਼ੀਲ ਨੀਤੀਗਤ ਫੈਲਲਿਆਂ ਅਤੇ ਕਾਰੋਬਾਰ ਕਰਨ 'ਚ ਆਸਾਨੀ ਲਈ ਚੁੱਕੇ ਗਏ ਸੁਧਾਰਾਤਮਕ ਕਦਮਾਂ ਨੇ ਸੂਬੇ ਨੂੰ ਨਿਵੇਸ਼ਕਾਂ ਲਈ ਸਭ ਤੋਂ ਵਧੀਆ ਪਸੰਦੀਦਾ ਸਥਾਨ ਬਣਾ ਦਿੱਤਾ ਹੈ। ਇਹ ਉਦਯੋਗ-ਪੱਖੀ ਨੀਤੀਆਂ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜੋ ਉਦਯੋਗ-ਪੱਖੀ ਮਾਹੌਲ ਨੂੰ ਵੱਧ ਤੋਂ ਵੱਧ ਸਾਜ਼ਗਾਰ ਬਣਾਉਣ ਵੱਲ ਕੇਂਦਰਿਤ ਹਨ।

ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਅਤੇ ਰਾਜ ਸਭਾ ਮੈਂਬਰ ਪਦਮ ਸ੍ਰੀ ਰਾਜਿੰਦਰ ਗੁਪਤਾ ਨੇ ਕਿਹਾ ਕਿ ਅਸੀਂ ਵਧਦੀ ਘਰੇਲੂ ਅਤੇ ਨਿਰਯਾਤ ਦੀ ਮੰਗ ਨੂੰ ਪੂਰਾ ਕਰਨ ਲਈ ਧਾਗੇ ਦੇ ਕਾਰੋਬਾਰ ਦਾ ਵਿਸਥਾਰ ਕਰਨ ਦੇ ਨਾਲ-ਨਾਲ ਆਪਣੀਆਂ ਮੌਜੂਦਾ ਟੈਕਸਟਾਈਲ ਸਮਰੱਥਾਵਾਂ ਨੂੰ ਵਧਾਉਣ ਜਾ ਰਹੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਇਸ ਤੋਂ ਇਲਾਵਾ ਵਾਤਾਵਰਣ-ਅਨੁਕੂਲ ਅਤੇ ਕੁਸ਼ਲ ਉਤਪਾਦਨ ਪ੍ਰਕਿਰਿਆਵਾਂ ਨੂੰ ਯਕੀਨੀ ਬਣਾਉਣ ਲਈ ਤਕਨਾਲੋਜੀ ਅਤੇ ਬੁਨਿਆਦੀ ਢਾਂਚੇ ਦੀ ਅਪਗ੍ਰੇਡੇਸ਼ਨ ਰਾਹੀਂ ਕਾਗਜ਼ ਨਿਰਮਾਣ ਉਦਯੋਗ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਸੀਂ ਟੈਰੀ ਟਾਵਲਜ਼ ਵਿੱਚ ਇੱਕ ਮੋਹਰੀ ਨਿਰਯਾਤਕ ਅਤੇ ਨਿਰਮਾਤਾ ਵਜੋਂ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਲਈ ਉਤਪਾਦਨ ਨੂੰ ਵੀ ਵਧਾ ਰਹੇ ਹਾਂ ਅਤੇ ਇਸਦੇ ਨਾਲ ਹੀ ਸਥਾਨਕ ਨੌਜਵਾਨਾਂ ਅਤੇ ਕਰਮਚਾਰੀਆਂ ਦਰਮਿਆਨ ਹੁਨਰ ਵਿਕਾਸ ਅਤੇ ਤਕਨੀਕੀ ਮੁਹਾਰਤ ਨੂੰ ਵਧਾਉਣ ਲਈ ਇੱਕ ਸਮਰਪਿਤ ਸਮਰੱਥਾ ਨਿਰਮਾਣ ਕੇਂਦਰ ਸਥਾਪਤ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਵਪਾਰਕ ਕਾਰਜਾਂ ਨੂੰ ਸੁਵਿਧਾਜਨਕ ਬਣਾਉਣ ਅਤੇ ਹੁਨਰ ਨੂੰ ਆਕਰਸ਼ਿਤ ਕਰਨ ਲਈ ਮੋਹਾਲੀ ਵਿੱਚ ਇੱਕ ਅਤਿ-ਆਧੁਨਿਕ ਕਾਰਪੋਰੇਟ ਦਫ਼ਤਰ ਸਥਾਪਤ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਟ੍ਰਾਈਡੈਂਟ ਗਰੁੱਪ ਦੇ ਨਿਰਮਾਣ ਕੇਂਦਰ ਪੰਜਾਬ ਦੇ ਬਰਨਾਲਾ ਜ਼ਿਲ੍ਹੇ ਵਿੱਚ ਸੰਘੇੜਾ ਅਤੇ ਧੌਲਾ ਅਤੇ ਮੱਧ ਪ੍ਰਦੇਸ਼ ਦੇ ਬੁਧਨੀ ਜ਼ਿਲ੍ਹੇ ਵਿੱਚ ਸਿਹੋਰ ਵਿੱਚ ਸਥਾਪਤ ਹਨ। ਇਸ ਗਰੁੱਪ ਦੇ ਕਾਰੋਬਾਰ ਵਿੱਚ 10 ਹਜ਼ਾਰ ਪਰਿਵਾਰ ਸਿੱਧੇ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਅਸਿੱਧੇ ਤਰੀਕੇ ਨਾਲ ਇਹ ਗਰੁੱਪ 30 ਹਜ਼ਾਰ ਪਰਿਵਾਰਾਂ ਦਾ ਸਮਰਥਨ ਕਰ ਰਿਹਾ ਹੈ।

# 'ਆਪ' ਵਿਧਾਇਕ ਨੇ ਧਰਨਾਕਾਰੀਆਂ ਨੂੰ ਮਾਰਿਆ ਦਬਕਾ, ਕਿਹਾ, '10ਵੀਂ ਪਾਸ ਮੈਨੂੰ ਸਵਾਲ ਨਾ ਪੁੱਛੇ'

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਨਵੰਬਰ
INTERNATIONAL PAPER, 94636 01616
hardipchumber57@gmail.com





35 ਪਿੰਡਾਂ ਨੂੰ ਰੂਪਨਗਰ ਜ਼ਿਲ੍ਹੇ ਵਿੱਚ ਤਬਦੀਲ ਕਰਨ ਦੇ ਵਿਰੁੱਧ ਖਰੜ ਵਿੱਚ ਚਲ ਰਹੇ ਧਰਨੇ ਵਿੱਚ ਪਹੁੰਚੇ ਆਮ ਆਦਮੀ ਪਾਰਟੀ ਦੇ ਵਿਧਾਇਕ ਨੇ ਪ੍ਰਦਰਸ਼ਨਕਾਰੀਆਂ ਨੂੰ ਦਬਕਾ ਮਾਰਦੇ ਹੋਏ ਕਿਹਾ ਕਿ 10ਵੀਂ ਪਾਸ ਕੋਈ ਮੈਨੂੰ ਸਵਾਲ ਪੁੱਛੇ, ਇਹ ਮੈਨੂੰ ਨੀ ਪਸੰਦ, ਮੈਂ ਪੜ੍ਹਿਆ ਲਿਖਿਆ ਹਾਂ।

ਖਰੜ ਵਿਚ ਬਾਰ ਐਸੋਸੀਏਸ਼ਨ ਦੇ ਧਰਨੇ ਵਿੱਚ ਚਮਕੌਰ ਸਾਹਿਬ ਤੋਂ ਵਿਧਾਇਕ ਡਾਕਟਰ ਚਰਨਜੀਤ ਸਿੰਘ ਗੱਲ ਕਰਨ ਪਹੁੰਚੇ। ਇਸ ਮੌਕੇ ਉਨ੍ਹਾਂ ਕਿਹਾ ਕਿ 10ਵੀਂ ਪਾਸ ਕੋਈ ਮੈਨੂੰ ਸਵਾਲ ਪੁੱਛੇ ਇਹ ਮੈਨੂੰ ਪਸੰਦ ਨਹੀਂ। ਮੈਂ ਪੜ੍ਹਿਆ ਲਿਖਿਆ ਡਾਕਟਰ ਹਾਂ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੂੰ ਕਿਹਾ ਕਿ ਹੇਠਾਂ ਬੈਠ ਜਾਓ, ਜੇਕਰ ਗੱਲ ਨਹੀਂ ਸੁਣਨੀ ਤਾਂ ਮੈਂ ਚਲਿਆ ਜਾਂਦਾ ਹਾਂ। ਇਸ ਮੌਕੇ ਉਨ੍ਹਾਂ ਕਿਹਾ ਕਿ 35 ਪਿੰਡਾਂ ਨੂੰ ਰੂਪਨਗਰ ਜ਼ਿਲ੍ਹੇ ਵਿਚ ਭੇਜਣ ਲਈ ਕੋਈ ਤਜਵੀਜ਼ ਨਹੀਂ ਹੈ। ਮੈਂ ਲਿਖ ਕੇ ਦੇਣ ਲਈ ਤਿਆਰ ਹਾਂ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਜੇਕਰ ਤੁਸੀਂ ਇਸ ਦੀ ਗਾਰੰਟੀ ਲੈਂਦੇ ਹੋ ਤਾਂ ਲਿਖ ਕੇ ਦਿਓ। ਪ੍ਰਦਰਸ਼ਨਕਾਰੀਆਂ ਨੇ ਇਹ ਵੀ ਕਿਹਾ ਕਿ ਸਾਨੂੰ ਝੂਠ ਬੋਲਿਆ ਜਾ ਰਿਹਾ ਹੈ, ਜਦੋਂ ਕਿ ਅੰਦਰ ਅੰਦਰ ਇਸ ਦੀ ਤਿਆਰੀ ਚਲ ਰਹੀ ਹੈ।

# ਸਾਬਕਾ DIG ਭੁੱਲਰ ਦੀ ਨਿਆਂਇਕ ਹਿਰਾਸਤ 'ਚ ਫੇਰ ਵਾਧਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 20 ਨਵੰਬਰ
INTERNATIONAL PAPER, 94636 01616
hardipchumber57@gmail.com

ਕਰੋੜਾਂ ਰੁਪਏ ਦੀ ਜਾਇਦਾਦ ਇਕੱਠੀ ਕਰਨ ਅਤੇ ਰਿਸ਼ਵਤ ਲੈਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਨਿਆਂਇਕ ਹਿਰਾਸਤ ਖਤਮ ਹੋਣ ਤੋਂ ਬਾਅਦ, ਅੱਜ ਮੁੜ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਸੀਬੀਆਈ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਨ੍ਹਾਂ ਦੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਭੁੱਲਰ ਨੂੰ ਦੁਬਾਰਾ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ।

ਭੁੱਲਰ ਦੇ ਪਰਿਵਾਰ ਵੱਲੋਂ ਸੀਬੀਆਈ ਅਦਾਲਤ ਵਿੱਚ ਦਾਇਰ ਪਟੀਸ਼ਨ ਵਿੱਚ, ਅੱਜ ਪੇਸ਼ੀ ਦੌਰਾਨ ਕਿਹਾ ਗਿਆ ਕਿ ਉਨ੍ਹਾਂ ਲਈ ਘਰੇਲੂ ਖਰਚਿਆਂ ਨੂੰ ਪੂਰਾ ਕਰਨਾ ਮੁਸ਼ਕਲ ਹੋ ਗਿਆ ਹੈ। ਸੀਬੀਆਈ ਨੇ ਉਨ੍ਹਾਂ ਦੇ ਸਾਰੇ ਬੈਂਕ ਖਾਤੇ ਫ੍ਰੀਜ਼ ਕਰ ਦਿੱਤੇ ਸਨ। ਹੁਣ ਇਸ ਮਾਮਲੇ 'ਤੇ ਸੁਣਵਾਈ 8 ਦਸੰਬਰ ਨੂੰ ਹੋਵੇਗੀ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਨਵੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਅਸੀਂ ਇੱਕ ਯੋਧਾ ਕਬੀਲੇ ਤੋਂ ਹਾਂ

ਇੰਡੀਅਨ ਆਊਟਕਾਸਟ ਸੋਸ਼ਲ ਸਰਵੈਂਟਸ ਐਸੋਸੀਏਸ਼ਨ ਦੀ



ਸਰਪ੍ਰਸਤੀ ਹੇਠ ਰਤਨਾਗਿਰੀ ਜ਼ਿਲ੍ਹਾ ਆਊਟਕਾਸਟ ਕੌਂਸਲ ਦੁਆਰਾ ਆਯੋਜਿਤ ਮੀਟਿੰਗ ਦਾ ਦੂਜਾ ਸੈਸ਼ਨ ਸ਼ਨੀਵਾਰ, 13 ਅਪ੍ਰੈਲ, 1927 ਨੂੰ ਸ਼ਾਮ 4:30 ਵਜੇ ਡਾ. ਬੀ. ਆਰ. ਅੰਬੇਡਕਰ ਦੀ ਪ੍ਰਧਾਨਗੀ ਹੇਠ ਚਿਪਲੂਨ ਵਿਖੇ ਹੋਇਆ। “ਸਮਤਾ” ਦੇ ਸੰਪਾਦਕ ਦੇਵਰਾਓ ਨਾਇਕ, ਐਸ. ਐਨ. ਸ਼ਿਵਤਾਰਕਰ, ਡੀ. ਵੀ. ਪ੍ਰਧਾਨ, ਐਸ. ਐਸ. ਗੁਪਤੇ, ਬੀ. ਆਰ. ਕਾਦਰੇਕਰ ਵੀ ਕਾਨਫਰੰਸ ਵਿੱਚ ਮੌਜੂਦ ਸਨ। ਕਾਨਫਰੰਸ ਵਿੱਚ ਲਗਭਗ ਅੱਠ ਹਜ਼ਾਰ ਮਰਦ ਅਤੇ ਔਰਤਾਂ ਪਹੁੰਚੇ।

ਕਾਨਫਰੰਸ ਦੇ ਸਮੇਂ ਤਣਾਅਪੂਰਨ ਸਥਿਤੀ ਸੀ। ਸੰਮੇਲਨ ਲਈ ਪੰਡਾਲ ਬਣਾਉਣ ਲਈ ਜਗ੍ਹਾ ਪ੍ਰਾਪਤ ਕਰਨਾ ਇੱਕ ਬਹੁਤ ਵਧੀਆ ਯਤਨ ਸੀ। ਸਨਾਤਨ ਹਿੰਦੂਆਂ ਨੂੰ ਡਰ ਸੀ ਕਿ ਮਹਾੜ ਵਾਲੀ ਘਟਨਾ ਦੁਹਰਾਈ ਜਾ ਸਕਦੀ ਹੈ ਅਤੇ ਜੇਕਰ ਸੰਮੇਲਨ ਉਨ੍ਹਾਂ ਦੇ ਸ਼ਹਿਰ ਵਿੱਚ ਹੋਇਆ ਤਾਂ ਅਛੂਤ ਹਿੰਦੂ ਉਨ੍ਹਾਂ ਦੇ ਪਾਣੀ ਨੂੰ ਪ੍ਰਦੂਸ਼ਿਤ ਕਰ ਸਕਦੇ ਹਨ। ਇਸ ਲਈ, ਉਨ੍ਹਾਂ ਨੇ ਸਾਰੇ ਖੂਹਾਂ ਨੂੰ ਬਹੁਤ ਧਿਆਨ ਅਤੇ ਸੁਰੱਖਿਆ ਨਾਲ ਬੰਦ ਕਰ ਦਿੱਤਾ ਸੀ ਜਿਵੇਂ ਕਿ ਕੁਝ ਦੁਸ਼ਮਣ ਲੋਕ ਉਨ੍ਹਾਂ ‘ਤੇ ਹਮਲਾ ਕਰ ਰਹੇ ਹੋਣ। ਡਾ. ਅੰਬੇਡਕਰ ਅਤੇ ਉਨ੍ਹਾਂ ਦੇ ਸਾਥੀ ਦੋ ਦਿਨਾਂ ਲਈ ਚਿਪਲੂਨ ਦੇ ਡਾਕ ਬੰਗਲੇ ਵਿੱਚ ਰਹੇ।

ਦੋ ਸਥਾਨਕ ਨੇਤਾ, ਵਿਨਾਇਕ ਰਾਓ ਬਰਵੇ ਅਤੇ ਬੀ. ਜੀ. ਖਾਟੂ ਵਰਗੇ ਪ੍ਰਗਤੀਸ਼ੀਲ ਚਿੰਤਕ ਵੀ ਸੰਮੇਲਨ ਵਿੱਚ ਸ਼ਾਮਲ ਹੋਏ। ਓਮ ਸਵਾਮੀ ਰਾਗਜੀ ਨੇ ਡੈਲੀਗੇਟਾਂ ਦਾ ਸਵਾਗਤ ਕੀਤਾ ਅਤੇ ਉਮੀਦ ਕੀਤੀ ਕਿ ਉੱਚ ਜਾਤੀ ਦੇ ਹਿੰਦੂ ਇਸ ਮੌਕੇ ਦੀ ਸੰਵੇਦਨਸ਼ੀਲਤਾ ਅਤੇ ਆਪਣੇ ਦ੍ਰਿਸ਼ਟੀਕੋਣ ਵਿੱਚ ਖੁੱਲ੍ਹੇ ਰਹਿਣ ਦੀ ਜ਼ਰੂਰਤ ਨੂੰ ਸਮਝਣਗੇ।

ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ. ਅੰਬੇਡਕਰ ਨੇ ਕਿਹਾ, “ਤੁਹਾਨੂੰ ਆਪਣੀ ਗੁਲਾਮੀ ਨੂੰ ਖੁਦ ਖਤਮ ਕਰਨਾ ਪਵੇਗਾ, ਆਪਣਾ ਸਵੈ-ਮਾਣ ਵੇਚ ਕੇ ਜੀਣਾ ਬੇਇੱਜ਼ਤੀ ਨਾਲ ਜੀਣ ਵਾਂਗ ਹੈ। ਸਵੈ-ਮਾਣ ਬਚਾਅ ਲਈ ਇੱਕ ਜ਼ਰੂਰੀ ਟੌਨਿਕ ਹੈ। ਸਵੈ-ਮਾਣ ਤੋਂ ਬਿਨਾਂ ਇੱਕ ਆਦਮੀ ਕੁਝ ਵੀ ਨਹੀਂ ਹੈ। ਸਵੈ-ਮਾਣ ਨਾਲ ਜੀਣ ਲਈ ਤੁਹਾਨੂੰ ਆਪਣੀਆਂ ਮੁਸ਼ਕਲਾਂ ਨੂੰ ਦੂਰ ਕਰਨਾ ਪਵੇਗਾ। ਸਿਰਫ਼ ਸਖ਼ਤ ਮਿਹਨਤ ਅਤੇ ਨਿਰੰਤਰ ਸੰਘਰਸ਼ ਨਾਲ ਹੀ ਤੁਹਾਨੂੰ ਤਾਕਤ, ਵਿਸ਼ਵਾਸ ਅਤੇ ਮਾਨਤਾ ਮਿਲੇਗੀ।” ਫਿਰ ਉਨ੍ਹਾਂ ਨੇ ਕੋਂਕਣ ਵਿੱਚ ਪ੍ਰਚਲਿਤ ‘ਖੋਤੀ’ ਨਾਮਕ ਭੂਮੀ ਪ੍ਰਣਾਲੀ ਬਾਰੇ ਗੱਲ ਕੀਤੀ। ਖੋਤੀ ਪ੍ਰਣਾਲੀ ਦੇ ਤਹਿਤ ਉਨ੍ਹਾਂ ਨੂੰ ਸੁੱਕਾ ਚੂਸਿਆ ਜਾ ਰਿਹਾ ਸੀ ਅਤੇ ਡਾ. ਅੰਬੇਡਕਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਆਪਣੀ ਪੂਰੀ ਕੋਸ਼ਿਸ਼ ਕਰਨਗੇ ਅਤੇ ਉਨ੍ਹਾਂ ਨੂੰ ਖੋਤੀ ਪ੍ਰਣਾਲੀ ਤੋਂ ਹਮੇਸ਼ਾ ਲਈ ਛੁਟਕਾਰਾ ਦਿਵਾਉਣਗੇ। ਉਨ੍ਹਾਂ ਐਲਾਨ ਕੀਤਾ ਕਿ ਉਹ ਇਸ ਲਈ ਕਿਸੇ ਵੀ ਖ਼ਤਰੇ ਦਾ ਸਾਹਮਣਾ ਕਰਨ ਲਈ ਤਿਆਰ ਹਨ। ਜੇ ਮੈਂ ਤੁਹਾਨੂੰ ਤੁਹਾਡੀ ਗਰੀਬੀ ਅਤੇ ਸ਼ਰਮਨਾਕ ਜ਼ਿੰਦਗੀ ਤੋਂ ਜਾਣੂ ਕਰਵਾਉਂਦਾ ਹਾਂ, ਤਾਂ ਮੈਨੂੰ ਮੌਤ ਦੀਆਂ ਧਮਕੀਆਂ ਮਿਲਣਗੀਆਂ। ਮਨੁੱਖੀ ਸਰੀਰ ਨਾਸ਼ਵਾਨ ਹੈ। ਹਰ ਕਿਸੇ ਨੂੰ ਇੱਕ ਦਿਨ ਮਰਨਾ ਪੈਂਦਾ ਹੈ, ਪਰ ਆਓ ਅਸੀਂ ਪ੍ਰਣ ਕਰੀਏ ਕਿ ਅਸੀਂ ਆਪਣਾ ਮਨੁੱਖੀ ਜੀਵਨ ਸੁਧਾਰ ਅਤੇ ਸਵੈ-ਮਾਣ ਦੇ ਉੱਤਮ ਆਦਰਸ਼ਾਂ ਲਈ ਸਮਰਪਿਤ ਕਰਾਂਗੇ। ਅਸੀਂ ਕਿਸੇ ਦੇ ਗੁਲਾਮ ਨਹੀਂ ਹਾਂ। ਅਸੀਂ ਯੋਧਿਆਂ ਦੇ ਕਬੀਲੇ ਨਾਲ ਸਬੰਧਤ ਹਾਂ। ਇੱਕ ਸ਼ਕਤੀਸ਼ਾਲੀ ਵਿਅਕਤੀ ਲਈ ਆਪਣਾ ਸਵੈ-ਮਾਣ ਗੁਆਉਣ ਅਤੇ ਦੇਸ਼ ਭਗਤੀ ਤੋਂ ਬਿਨਾਂ ਜੀਵਨ ਜੀਉਣ ਤੋਂ ਵੱਡਾ ਅਪਮਾਨ ਹੋਰ ਕੋਈ ਨਹੀਂ ਹੋ ਸਕਦਾ।” ਫਿਰ ਡਾ. ਬਾਬਾ ਸਾਹਿਬ ਨੇ ਸੁਝਾਅ ਦਿੱਤਾ, “ਸਾਡੇ ਲੋਕ ਪ੍ਰਵਾਸ ਕਰਕੇ ਇੱਕ ਚੰਗੀ ਅਤੇ ਦੂਰ ਦੀ ਜਗ੍ਹਾ ਕਿਉਂ ਨਹੀਂ ਵਸਦੇ।” ਇਹ ਉੱਚ ਜਾਤੀ ਦੇ ਹਿੰਦੂਆਂ ਅਤੇ ਹਿੰਦੂ ਜ਼ਿਮੀਂਦਾਰਾਂ

“ਇਕੁਐਲਿਟੀ ਐਂਡ ਜਸਟਿਸ”
"Equality and Justice" Rs- 100/month स्वतंत्रता, समानता, भाईचारा

ਅਤੇ ਜ਼ਿਮੀਂਦਾਰਾਂ ਦੇ ਅੱਤਿਆਚਾਰਾਂ ਤੋਂ ਬਚਣ ਦਾ ਇੱਕ ਤਰੀਕਾ ਹੋ ਸਕਦਾ ਹੈ।” ਉਸਨੇ ਕਿਹਾ ਕਿ ਉਹ ਸਿੰਧ ਅਤੇ ਇੰਦੌਰ ਰਾਜਾਂ ਵਿੱਚ ਕੁਝ ਖੇਤੀਬਾੜੀ ਜ਼ਮੀਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇਗਾ। ਉਸਨੇ ਆਪਣੇ ਮੁਸਲਿਮ ਗੁਆਂਢੀਆਂ ਦੀ ਉਦਾਹਰਣ ਦਿੱਤੀ ਜੋ ਅਫਰੀਕਾ ਵਿੱਚ ਵਸ ਗਏ ਸਨ ਅਤੇ ਪੈਸਾ ਕਮਾਉਣ ਅਤੇ ਅਮੀਰ ਬਣਨ ਤੋਂ ਬਾਅਦ ਕੋਂਕਣ ਵਾਪਸ ਆ ਗਏ ਸਨ। ਸ਼ਾਇਦ ਪਰਵਾਸ ਅਤੇ ਕਿਤੇ ਹੋਰ ਵਸਣ ਦਾ ਵਿਚਾਰ ਉਸਦੇ ਮਨ ਵਿੱਚ ਉਦੋਂ ਆਇਆ ਜਦੋਂ ਉਹ ਹੋਰ ਕੌਂਸਲਰਾਂ ਨਾਲ ਸੱਕਰ ਡੈਮ ਦੀ ਜਾਂਚ ਕਰਨ ਲਈ ਸਿੰਧ ਗਿਆ ਸੀ, ਜਿਸ ਦੇ ਤਹਿਤ ਹਜ਼ਾਰਾਂ ਏਕੜ ਮਾਰੂਥਲ ਜ਼ਮੀਨ ਨੂੰ ਉਪਜਾਊ ਖੇਤੀਬਾੜੀ ਖੇਤਰ ਵਿੱਚ ਵਿਕਸਤ ਕਰਨ ਦੀ ਉਮੀਦ ਸੀ। ਇਸੇ ਤਰ੍ਹਾਂ, ਉਸਦਾ ਇੰਦੌਰ ਦੇ ਮਹਾਰਾਜਾ ਨਾਲ ਇੱਕ ਨਵਾਂ ਇਕਰਾਰਨਾਮਾ ਹੋਇਆ ਸੀ, ਇਸ ਲਈ ਸ਼ਾਇਦ ਉਸਨੂੰ ਉਮੀਦ ਸੀ ਕਿ ਉਹ ਮਹਾਰਾਜਾ ਤੋਂ ਅਛੂਤਾਂ ਲਈ ਕੁਝ ਜ਼ਮੀਨ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਵੇਗਾ। ਸ਼੍ਰੀ ਵਿਨਾਇਕ ਬਰਵੇ ਨੇ ਡਾ. ਅੰਬੇਡਕਰ ਨੂੰ ਰਾਤ ਦੇ ਖਾਣੇ ਲਈ ਦਿਲੋਂ ਸੱਦਾ ਦਿੱਤਾ ਸੀ। ਉਹ ਰਾਤ ਦੇ ਖਾਣੇ ਵਿੱਚ ਇਸ ਵਿਸ਼ਵਾਸ ਨਾਲ ਸ਼ਾਮਲ ਹੋਏ ਕਿ “ਅਜਿਹੇ ਅੰਤਰ-ਜਾਤੀ ਭੋਜਨ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਕਿਉਂਕਿ ਜੇਕਰ ਉਹ ਬ੍ਰਾਹਮਣਾਂ ਨਾਲ ਭੋਜਨ ਕਰਦਾ ਹੈ ਤਾਂ ਉਸ ਲਈ ਸਵਰਗ ਦੇ ਦਰਵਾਜ਼ੇ ਖੁੱਲ੍ਹ ਜਾਣਗੇ, ਸਗੋਂ ਇਸ ਲਈ ਕਿਉਂਕਿ ਅਜਿਹੇ ਭੋਜਨ ਸਮਾਜਿਕ ਸਦਭਾਵਨਾ, ਆਪਸੀ ਸਬੰਧਾਂ ਵਿੱਚ ਸਦਭਾਵਨਾ ਅਤੇ ਸਮਾਨਤਾ ਦੇ ਸਿਧਾਂਤ ਨੂੰ ਉਤਸ਼ਾਹਿਤ ਕਰਦੇ ਹਨ।”

# ਚਿਪਲੂਨ ਕਾਨਫਰੰਸ, 1927: ਡਾ. ਅੰਬੇਡਕਰ ਦੇ ਵਿਚਾਰਾਂ ਅਤੇ ਆਊਟਕਾਸਟ ਸਮਾਜ ਦੀ ਸਥਿਤੀ ਬਾਰੇ ਇੱਕ ਸੰਖੇਪ ਦਸਤਾਵੇਜ਼

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 20 ਨਵੰਬਰ
INTERNATIONAL PAPER, 94636 01616
hardipchumber57@gmail.com

## ਕਾਰਜਕਾਰੀ ਸੰਖੇਪ

ਇਹ ਦਸਤਾਵੇਜ਼ 13 ਅਪ੍ਰੈਲ, 1927 ਨੂੰ ਚਿਪਲੂਨ ਵਿੱਚ ਹੋਏ ਰਤਨਾਗਿਰੀ ਜ਼ਿਲ੍ਹਾ ਬਹਿਸ਼ਕ੍ਰਿਤ ਪ੍ਰੀਸ਼ਦ ਦੇ ਦੂਜੇ ਸੈਸ਼ਨ ਦਾ ਸੰਸ਼ਲੇਸ਼ਿਤ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਡਾ. ਬੀ.ਆਰ. ਅੰਬੇਡਕਰ ਦੀ ਪ੍ਰਧਾਨਗੀ ਹੇਠ ਹੋਈ ਇਸ ਕਾਨਫਰੰਸ ਵਿੱਚ ਲਗਭਗ ਅੱਠ ਹਜ਼ਾਰ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਉੱਚ ਜਾਤੀ ਦੇ ਹਿੰਦੂਆਂ ਦੇ ਤਿੱਖੇ ਵਿਰੋਧ ਅਤੇ ਤਣਾਅਪੂਰਨ ਮਾਹੌਲ ਦੇ ਵਿਚਕਾਰ ਸਮਾਪਤ ਹੋਈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ, ਡਾ. ਅੰਬੇਡਕਰ ਨੇ ਬਹਿਸ਼ਕ੍ਰਿਤ ਭਾਈਚਾਰੇ ਲਈ ਕਈ ਕੇਂਦਰੀ ਵਿਸ਼ਿਆਂ ਨੂੰ ਉਜਾਗਰ ਕੀਤਾ, ਜਿਨ੍ਹਾਂ ਵਿੱਚੋਂ ਸਵੈ-ਮਾਣ, ਸਵੈ-ਮੁਕਤੀ ਅਤੇ ਨਿਰੰਤਰ ਸੰਘਰਸ਼ ਦੀਆਂ ਜ਼ਰੂਰਤਾਂ ਸਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਗੁਲਾਮੀ ਨੂੰ ਆਪਣੇ ਆਪ ਖਤਮ ਕਰਨਾ ਚਾਹੀਦਾ ਹੈ ਅਤੇ ਸਵੈ-ਮਾਣ ਤੋਂ ਬਿਨਾਂ, ਮਨੁੱਖੀ ਜੀਵਨ ਅਰਥਹੀਣ ਹੈ।

ਭਾਸ਼ਣ ਦੇ ਮੁੱਖ ਬਿੰਦੂਆਂ ਵਿੱਚ ਕੋਂਕਣ ਖੇਤਰ ਵਿੱਚ ਸ਼ੋਸ਼ਣਕਾਰੀ ‘ਖੋਟੀ’ ਭੂਮੀ ਪ੍ਰਣਾਲੀ ਨੂੰ ਖਤਮ ਕਰਨ ਦੀ ਸਹੁੰ ਸ਼ਾਮਲ ਸੀ ਅਤੇ ਜ਼ੁਲਮ ਤੋਂ ਬਚਣ ਲਈ ਇੱਕ ਕੱਟੜਪੰਥੀ ਉਪਾਅ ਵਜੋਂ ਸਿੰਧ ਜਾਂ ਇੰਦੌਰ ਵਰਗੇ ਦੂਰ-ਦੁਰਾਡੇ ਸਥਾਨਾਂ ‘ਤੇ ਪਰਵਾਸ ਦਾ ਸੁਝਾਅ ਦਿੱਤਾ ਗਿਆ ਸੀ। ਡਾ. ਅੰਬੇਡਕਰ ਨੇ ਆਪਣੇ ਲੋਕਾਂ ਨੂੰ “ਯੋਧਾ ਕਬੀਲੇ” ਵਜੋਂ ਆਪਣੀ ਵਿਰਾਸਤ ਦੀ ਯਾਦ ਦਿਵਾਈ ਅਤੇ ਉਨ੍ਹਾਂ ਨੂੰ ਸਵੈ-ਮਾਣ ਲਈ ਆਪਣਾ ਜੀਵਨ ਸਮਰਪਿਤ ਕਰਨ ਦਾ ਸੱਦਾ ਦਿੱਤਾ। ਇਹ ਕਾਨਫਰੰਸ ਇੱਕ ਮਹੱਤਵਪੂਰਨ ਸਮਾਜਿਕ ਸਮਾਗਮ ਨਾਲ ਸਮਾਪਤ ਹੋਈ, ਜਦੋਂ ਡਾ. ਅੰਬੇਡਕਰ ਨੇ ਸਮਾਜਿਕ ਸਦਭਾਵਨਾ ਅਤੇ ਸਮਾਨਤਾ ਦੇ ਸਿਧਾਂਤ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਪ੍ਰਗਤੀਸ਼ੀਲ ਨੇਤਾ ਸ਼੍ਰੀ ਵਿਨਾਇਕ ਬਰਵੇ ਦੁਆਰਾ ਆਯੋਜਿਤ ਇੱਕ ਅੰਤਰ-ਜਾਤੀ ਦਾਅਵਤ ਵਿੱਚ ਸ਼ਿਰਕਤ ਕੀਤੀ।

## ਵਿਸਤ੍ਰਿਤ ਵਿਸ਼ਲੇਸ਼ਣ

### 1. ਕਾਨਫਰੰਸ ਦਾ ਸੰਦਰਭ ਅਤੇ ਪਿਛੋਕੜ

ਸ਼ਨੀਵਾਰ, 13 ਅਪ੍ਰੈਲ, 1927 ਨੂੰ, ਰਤਨਾਗਿਰੀ ਜ਼ਿਲ੍ਹਾ ਬਹਿਸ਼ਕ੍ਰਿਤ ਪ੍ਰੀਸ਼ਦ ਦਾ ਦੂਜਾ ਸੈਸ਼ਨ ਭਾਰਤੀ ਬਹਿਸ਼ਕ੍ਰਿਤ ਸਮਾਜ ਸੇਵਕ ਸੰਘ ਦੀ ਸਰਪ੍ਰਸਤੀ ਹੇਠ ਚਿਪਲੂਨ ਵਿੱਚ ਆਯੋਜਿਤ ਕੀਤਾ ਗਿਆ ਸੀ। ਇਸ ਇਤਿਹਾਸਕ ਇਕੱਠ ਦੇ ਮੁੱਖ ਵੇਰਵੇ ਇਸ ਪ੍ਰਕਾਰ ਹਨ:

* ਚੇਅਰਮੈਨ: ਡਾ. ਬੀ.ਆਰ. ਅੰਬੇਡਕਰ।
* ਹਾਜ਼ਰੀ: ਲਗਭਗ ਅੱਠ ਹਜ਼ਾਰ ਮਰਦ ਅਤੇ ਔਰਤਾਂ।
* ਪ੍ਰਮੁੱਖ ਹਾਜ਼ਰੀਨ: ਦੇਵਰਾਓ ਨਾਇਕ (“ਸਮਤਾ” ਦੇ ਸੰਪਾਦਕ), ਐਸ.ਐਨ. ਸ਼ਿਵਤਾਰਕਰ, ਡੀ.ਵੀ. ਪ੍ਰਧਾਨ, ਐਸ.ਐਸ. ਗੁਪਤੇ, ਅਤੇ ਬੀ.ਆਰ. ਕਾਦਰੇਕਰ।
* ਪ੍ਰਗਤੀਸ਼ੀਲ ਉੱਚ ਜਾਤੀ ਦੇ ਹਿੰਦੂ ਆਗੂ: ਸਥਾਨਕ ਆਗੂ ਵਿਨਾਇਕ ਰਾਓ ਬਰਵੇ ਅਤੇ ਬੀ.ਜੀ. ਖਾਟੂ ਨੇ ਵੀ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ, ਜਿਸ ਨਾਲ ਅੰਦੋਲਨ ਨੂੰ ਮਹੱਤਵਪੂਰਨ ਸਮਰਥਨ ਮਿਲਿਆ।

ਇਹ ਕਾਨਫਰੰਸ ਬਹੁਤ ਹੀ ਤਣਾਅਪੂਰਨ ਹਾਲਾਤਾਂ ਵਿੱਚ ਹੋਈ। ਮਹਾੜ ਦੀ ਘਟਨਾ ਦੇ ਦੁਹਰਾਉਣ ਤੋਂ ਡਰਦੇ ਹੋਏ, ਕੱਟੜਪੰਥੀ ਹਿੰਦੂ ਕਾਨਫਰੰਸ ਦੇ ਪੰਡਾਲ ਲਈ ਜਗ੍ਹਾ ਦੇਣ ਤੋਂ ਝਿਜਕ ਰਹੇ ਸਨ। ਉਨ੍ਹਾਂ ਨੇ ਆਪਣੇ ਸਾਰੇ ਖੂਹ ਬੰਦ ਕਰ ਦਿੱਤੇ, ਇਸ ਡਰੋਂ ਕਿ ਅਛੂਤ ਉਨ੍ਹਾਂ ਦੇ ਪਾਣੀ ਨੂੰ ਦੂਸ਼ਿਤ ਕਰ ਦੇਣਗੇ, ਜਿਵੇਂ ਕੋਈ ਦੁਸ਼ਮਣ ਹਮਲਾ ਕਰਨ ਵਾਲਾ ਹੋਵੇ। ਇਨ੍ਹਾਂ ਪ੍ਰਤੀਕੂਲ ਹਾਲਾਤਾਂ ਦੇ ਬਾਵਜੂਦ, ਕਾਨਫਰੰਸ ਸਫਲਤਾਪੂਰਵਕ ਆਯੋਜਿਤ ਕੀਤੀ ਗਈ, ਡਾ. ਅੰਬੇਡਕਰ ਅਤੇ ਉਨ੍ਹਾਂ ਦੇ ਸਾਥੀ ਦੋ ਦਿਨ ਚਿਪਲੂਨ ਦੇ ਡਾਕ ਬੰਗਲੇ ਵਿੱਚ ਰਹੇ।

### 2. ਡਾ. ਬੀ. ਆਰ. ਅੰਬੇਡਕਰ ਦਾ ਪ੍ਰਧਾਨਗੀ ਭਾਸ਼ਣ: ਮੁੱਖ ਵਿਸ਼ੇ

ਡਾ. ਅੰਬੇਡਕਰ ਦਾ ਭਾਸ਼ਣ ਬਾਹਰ ਕੱਢੇ ਗਏ ਲੋਕਾਂ ਲਈ ਕਾਰਵਾਈ ਲਈ ਇੱਕ ਸ਼ਕਤੀਸ਼ਾਲੀ ਸੱਦਾ ਸੀ, ਉਨ੍ਹਾਂ ਦੀਆਂ ਸਮੱਸਿਆਵਾਂ ਦੇ ਮੂਲ ਕਾਰਨਾਂ ਨੂੰ ਸੰਬੋਧਿਤ ਕਰਦਾ ਸੀ ਅਤੇ ਭਵਿੱਖ ਲਈ ਇੱਕ ਸਪੱਸ਼ਟ ਦਿਸ਼ਾ ਪ੍ਰਦਾਨ ਕਰਦਾ ਸੀ।

#### ਸਵੈ-ਮਾਣ ਅਤੇ ਸਵੈ-ਮੁਕਤੀ

ਭਾਸ਼ਣ ਦਾ ਕੇਂਦਰੀ ਥੰਮ੍ਹ ਸਵੈ-ਮਾਣ ਦਾ ਵਿਚਾਰ ਸੀ। ਡਾ. ਅੰਬੇਡਕਰ ਨੇ ਇਸਨੂੰ ਮਨੁੱਖੀ ਹੋਂਦ ਲਈ ਜ਼ਰੂਰੀ ਦੱਸਿਆ।

* ਸਵੈ-ਨਿਰਭਰਤਾ: ਉਨ੍ਹਾਂ ਨੇ ਸਪੱਸ਼ਟ ਤੌਰ ‘ਤੇ ਕਿਹਾ, “ਤੁਹਾਨੂੰ ਆਪਣੀ ਗੁਲਾਮੀ ਨੂੰ ਖਤਮ ਕਰਨਾ ਚਾਹੀਦਾ ਹੈ।”
* ਸਵੈ-ਮਾਣ ਦੀ ਮਹੱਤਤਾ: ਇਸਨੂੰ “ਜੀਉਂਦੇ ਰਹਿਣ ਲਈ ਇੱਕ ਜ਼ਰੂਰੀ ਟੌਨਿਕ” ਦੱਸਦਿਆਂ, ਉਸਨੇ ਕਿਹਾ, “ਆਪਣੇ ਸਵੈ-ਮਾਣ ਨਾਲ ਜੀਣਾ ਬੇਇੱਜ਼ਤੀ ਨਾਲ ਜੀਣ ਵਾਂਗ ਹੈ। ਸਵੈ-ਮਾਣ ਤੋਂ ਬਿਨਾਂ, ਮਨੁੱਖ ਕੁਝ ਵੀ ਨਹੀਂ ਹੈ।”
* ਸੰਘਰਸ਼ ਦਾ ਰਸਤਾ: ਉਸਨੇ ਜ਼ੋਰ ਦੇ ਕੇ ਕਿਹਾ ਕਿ ਸ਼ਕਤੀ, ਆਤਮ-ਵਿਸ਼ਵਾਸ ਅਤੇ ਮਾਨਤਾ ਸਿਰਫ “ਸਖ਼ਤ ਮਿਹਨਤ ਅਤੇ ਨਿਰੰਤਰ ਸੰਘਰਸ਼” ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ।

#### ਖੋਤੀ ਪ੍ਰਣਾਲੀ ਦਾ ਵਿਰੋਧ

ਡਾ. ਅੰਬੇਡਕਰ ਨੇ ਸਿੱਧੇ ਤੌਰ ‘ਤੇ ਕੋਂਕਣ ਖੇਤਰ ਵਿੱਚ ਪ੍ਰਚਲਿਤ ਸ਼ੋਸ਼ਣਕਾਰੀ ‘ਖੋਤੀ’ ਭੂਮੀ ਪ੍ਰਣਾਲੀ ‘ਤੇ ਹਮਲਾ ਕੀਤਾ, ਜਿਸ ਦੇ ਤਹਿਤ ਕਿਸਾਨਾਂ ਨੂੰ “ਸੁੱਕਾ ਚੂਸਿਆ ਜਾ ਰਿਹਾ ਸੀ।”

* ਮੁਕਤੀ ਦਾ ਭਰੋਸਾ: ਉਸਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਨੂੰ ਇਸ ਪ੍ਰਣਾਲੀ ਤੋਂ ਹਮੇਸ਼ਾ ਲਈ ਮੁਕਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।
* ਜੋਖਮ ਦਾ ਐਲਾਨ: ਉਸਨੇ ਐਲਾਨ ਕੀਤਾ, “ਜੇਕਰ ਮੈਂ ਤੁਹਾਨੂੰ ਇੱਥੇ ਤੁਹਾਡੀ ਗਰੀਬੀ ਅਤੇ ਸ਼ਰਮਨਾਕ ਜ਼ਿੰਦਗੀ ਬਾਰੇ ਜਾਣੂ ਕਰਵਾਉਂਦਾ ਹਾਂ, ਤਾਂ ਮੈਨੂੰ ਮੌਤ ਦੀਆਂ ਧਮਕੀਆਂ ਮਿਲਣਗੀਆਂ।”
* ਜੀਵਨ ਦਾ ਆਦਰਸ਼: ਮੌਤ ਦੀ ਨਾਸ਼ਵਾਨਤਾ ਦਾ ਹਵਾਲਾ ਦਿੰਦੇ ਹੋਏ, ਉਸਨੇ ਪੁਕਾਰਿਆ, “ਮਨੁੱਖੀ ਸਰੀਰ ਨਾਸ਼ਵਾਨ ਹੈ। ਹਰ ਕਿਸੇ ਨੂੰ ਇੱਕ ਦਿਨ ਮਰਨਾ ਪਵੇਗਾ, ਪਰ ਆਓ ਅਸੀਂ ਆਪਣੇ ਜੀਵਨ ਨੂੰ ਮਨੁੱਖੀ ਜੀਵਨ ਅਤੇ ਸਵੈ-ਮਾਣ ਨੂੰ ਬਿਹਤਰ ਬਣਾਉਣ ਦੇ ਉੱਤਮ ਆਦਰਸ਼ਾਂ ਲਈ ਸਮਰਪਿਤ ਕਰਨ ਦਾ ਪ੍ਰਣ ਕਰੀਏ।”

#### ਯੋਧਾ ਕਬੀਲੇ ਦੀ ਪਛਾਣ

ਲੋਕਾਂ ਦੇ ਮਨੋਬਲ ਨੂੰ ਵਧਾਉਣ ਲਈ, ਡਾ. ਅੰਬੇਡਕਰ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਸ਼ਾਨਦਾਰ ਵਿਰਾਸਤ ਦੀ ਯਾਦ ਦਿਵਾਈ।

* ਇੱਕ ਸ਼ਕਤੀਸ਼ਾਲੀ ਐਲਾਨ: ਉਨ੍ਹਾਂ ਕਿਹਾ, “ਅਸੀਂ ਕਿਸੇ ਦੇ ਗੁਲਾਮ ਨਹੀਂ ਹਾਂ। ਅਸੀਂ ਯੋਧਿਆਂ ਦੇ ਕਬੀਲੇ ਨਾਲ ਸਬੰਧਤ ਹਾਂ।”
* ਅਪਮਾਨ ਦੀ ਪਰਿਭਾਸ਼ਾ: ਉਨ੍ਹਾਂ ਨੇ ਦਲੀਲ ਦਿੱਤੀ ਕਿ “ਇੱਕ ਸ਼ਕਤੀਸ਼ਾਲੀ ਵਿਅਕਤੀ ਅੱਗੇ ਆਪਣਾ ਸਵੈ-ਮਾਣ ਗੁਆਉਣ ਅਤੇ ਦੇਸ਼ ਪ੍ਰਤੀ ਪਿਆਰ ਤੋਂ ਬਿਨਾਂ ਜ਼ਿੰਦਗੀ ਜੀਉਣ ਤੋਂ ਵੱਡਾ ਅਪਮਾਨ ਹੋਰ ਕੋਈ ਨਹੀਂ ਹੋ ਸਕਦਾ।”

### 3. ਜ਼ੁਲਮ ਤੋਂ ਆਜ਼ਾਦੀ ਲਈ ਇੱਕ ਇਨਕਲਾਬੀ ਪ੍ਰਸਤਾਵ: ਪ੍ਰਵਾਸ

ਸਥਾਨਕ ਪੱਧਰ ‘ਤੇ ਚੱਲ ਰਹੇ ਜ਼ੁਲਮ ਦੇ ਹੱਲ ਵਜੋਂ, ਡਾ. ਅੰਬੇਡਕਰ ਨੇ ਇੱਕ ਦਲੇਰ ਅਤੇ ਦੂਰਗਾਮੀ ਵਿਚਾਰ ਪੇਸ਼ ਕੀਤਾ।

* ਪ੍ਰਸਤਾਵ: ਉਨ੍ਹਾਂ ਨੇ ਸੁਝਾਅ ਦਿੱਤਾ, “ਸਾਡੇ ਲੋਕ ਪ੍ਰਵਾਸ ਕਿਉਂ ਨਹੀਂ ਕਰਦੇ ਅਤੇ ਇੱਕ ਚੰਗੀ ਅਤੇ ਦੂਰ-ਦੁਰਾਡੇ ਜਗ੍ਹਾ ‘ਤੇ ਕਿਉਂ ਨਹੀਂ ਵਸਦੇ?” ਇਸ ਨੂੰ ਉੱਚ ਜਾਤੀ ਦੇ ਹਿੰਦੂਆਂ ਅਤੇ ਜ਼ਿਮੀਂਦਾਰਾਂ ਦੇ ਜ਼ੁਲਮ ਤੋਂ ਬਚਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਮੰਨਿਆ ਜਾਂਦਾ ਸੀ।
* ਸੰਭਾਵੀ ਸਥਾਨ: ਉਨ੍ਹਾਂ ਨੇ ਸਿੰਧ ਅਤੇ ਇੰਦੌਰ ਰਾਜਾਂ ਵਿੱਚ ਖੇਤੀਬਾੜੀ ਜ਼ਮੀਨ ਪ੍ਰਾਪਤ ਕਰਨ ਦੇ ਆਪਣੇ ਯਤਨਾਂ ਦਾ ਜ਼ਿਕਰ ਕੀਤਾ।
* ਪ੍ਰੇਰਨਾ ਅਤੇ ਉਦਾਹਰਣ:
  * ਉਨ੍ਹਾਂ ਨੇ ਆਪਣੇ ਮੁਸਲਿਮ ਗੁਆਂਢੀਆਂ ਦੀ ਉਦਾਹਰਣ ਦਿੱਤੀ ਜੋ ਅਫਰੀਕਾ ਵਿੱਚ ਵਸ ਗਏ ਅਤੇ ਅਮੀਰ ਵਾਪਸ ਆਏ।
  * ਇਹ ਵਿਚਾਰ ਸੰਭਾਵਤ ਤੌਰ ‘ਤੇ ਸੱਕਾਰਾ ਡੈਮ ਪ੍ਰੋਜੈਕਟ ਦੇ ਉਨ੍ਹਾਂ ਦੇ ਨਿਰੀਖਣ ਤੋਂ ਪ੍ਰੇਰਿਤ ਸੀ, ਜਿਸਦਾ ਉਦੇਸ਼ ਸਿੰਧ ਵਿੱਚ ਹਜ਼ਾਰਾਂ ਏਕੜ ਮਾਰੂਥਲ ਜ਼ਮੀਨ ਨੂੰ ਉਪਜਾਊ ਬਣਾਉਣਾ ਸੀ।
  * ਇੰਦੌਰ ਦੇ ਮਹਾਰਾਜਾ ਨਾਲ ਉਨ੍ਹਾਂ ਦੇ ਨਵੇਂ ਇਕਰਾਰਨਾਮੇ ਨੇ ਇਹ ਵੀ ਉਮੀਦ ਜਗਾਈ ਕਿ ਉਹ ਆਪਣੇ ਲੋਕਾਂ ਦੇ ਪੁਨਰਵਾਸ ਲਈ ਜ਼ਮੀਨ ਪ੍ਰਾਪਤ ਕਰਨ ਵਿੱਚ ਸਫਲ ਹੋ ਸਕਦੇ ਹਨ।



Eng. Hardip Singh Chumber

### 4. ਸਮਾਜਿਕ ਸਮਾਨਤਾ ਦਾ ਵਿਹਾਰਕ ਪ੍ਰਦਰਸ਼ਨ: ਅੰਤਰ-ਜਾਤੀ ਰਾਤ ਦਾ ਖਾਣਾ

ਇਹ ਕਾਨਫਰੰਸ ਭਾਸ਼ਣਾਂ ਤੱਕ ਸੀਮਿਤ ਨਹੀਂ ਸੀ ਬਲਕਿ ਸਮਾਜਿਕ ਸਮਾਨਤਾ ਦਾ ਇੱਕ ਵਿਹਾਰਕ ਪ੍ਰਦਰਸ਼ਨ ਵੀ ਸ਼ਾਮਲ ਸੀ।

* ਸੱਦਾ: ਪ੍ਰਗਤੀਸ਼ੀਲ ਨੇਤਾ ਸ਼੍ਰੀ ਵਿਨਾਇਕ ਬਰਵੇ ਨੇ ਡਾ. ਅੰਬੇਡਕਰ ਨੂੰ ਰਾਤ ਦੇ ਖਾਣੇ ਲਈ ਸੱਦਾ ਦਿੱਤਾ।
* ਸਵੀਕ੍ਰਿਤੀ ਦਾ ਕਾਰਨ: ਡਾ. ਅੰਬੇਡਕਰ ਨੇ ਰਾਤ ਦੇ ਖਾਣੇ ਵਿੱਚ ਇਸ ਸਪੱਸ਼ਟ ਮਾਨਤਾ ਨਾਲ ਸ਼ਿਰਕਤ ਕੀਤੀ ਕਿ ਅਜਿਹੇ ਸਮਾਗਮਾਂ ਦਾ ਉਦੇਸ਼ ਅਧਿਆਤਮਿਕ ਪ੍ਰਾਪਤੀ ਨਹੀਂ ਸੀ (“ਸਵਰਗ ਦੇ ਦਰਵਾਜ਼ੇ ਖੁੱਲ੍ਹਣਗੇ”)।
* ਅਸਲ ਉਦੇਸ਼: ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਅੰਤਰ-ਜਾਤੀ ਰਾਤ ਦੇ ਖਾਣੇ ਵਿੱਚ ਹਿੱਸਾ ਲੈਣਾ ਲਾਭਦਾਇਕ ਸੀ ਕਿਉਂਕਿ:
  * ਇਹ ਸਮਾਜਿਕ ਆਪਸੀ ਤਾਲਮੇਲ ਨੂੰ ਉਤਸ਼ਾਹਿਤ ਕਰਦਾ ਹੈ।
  * ਇਹ ਆਪਸੀ ਸਬੰਧਾਂ ਵਿੱਚ ਸਦਭਾਵਨਾ ਲਿਆਉਂਦਾ ਹੈ।
  * ਇਹ ਸਮਾਨਤਾ ਦੇ ਸਿਧਾਂਤ ਨੂੰ ਮਜ਼ਬੂਤ ਕਰਦਾ ਹੈ।

ਇਹ ਘਟਨਾ ਡਾ. ਅੰਬੇਡਕਰ ਦੀ ਜਾਤੀ ਰੁਕਾਵਟਾਂ ਨੂੰ ਤੋੜਨ ਅਤੇ ਸਮਾਜਿਕ ਸੁਧਾਰ ਨੂੰ ਸਿਰਫ਼ ਸਿਧਾਂਤਕ ਬਹਿਸਾਂ ਤੋਂ ਵਿਹਾਰਕ ਜੀਵਨ ਵਿੱਚ ਲੈ ਜਾਣ ਦੀ ਵਚਨਬੱਧਤਾ ਦਾ ਪ੍ਰਤੀਕ ਹੈ।

# ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੱਤਰਕਾਰਾਂ ਨਾਲ ਮੱਥਾ ਲਾਉਣਾ ਮਹਿੰਗਾ ਪਵੇਗਾ : ਕੋਸ਼ਲ , ਸੈਣੀ , ਪਲਾਹਾ, ਸ਼ਰਮਾ

## *ਮਾਮਲਾ ਪੱਤਰਕਾਰ ਰਣਜੀਤ ਸਿੰਘ ਗਿੱਲ ਨਾਲ ਕੀਤੀ ਕੁੱਟਮਾਰ ਦਾ*

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ 20 ਨਵੰਬਰ ( ਤਰਸੇਮ ਦੀਵਾਨਾ ) - “ਦਿ ਵਰਕਿੰਗ ਰਿਪੋਟਰਜ਼ ਐਸੋਸ਼ੀਏਸ਼ਨ ( ਰਜਿ. ) ਪੰਜਾਬ ਇੰਡੀਆ ਦੇ ਰਾਸ਼ਟਰੀ ਜਨਰਲ ਸਕੱਤਰ ਵਿਨੋਦ ਕੋਸ਼ਲ,ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ, ਜੁਆਇਟ ਸਕੱਤਰ ਤਰਸੇਮ ਦੀਵਾਨਾ, ਤੇ ਸਕੱਤਰ ਅਸ਼ਵਨੀ ਸ਼ਰਮਾ ਨੇ ਇੱਕ ਪ੍ਰੈਸ ਵਾਰਤਾ ਦੌਰਾਨ ਕਿਹਾ ਕਿ ਕਸਬਾ ਗਿੱਦੜਬਾਹਾ ਤੋਂ ਨਿਧੜਕ ਪੱਤਰਕਾਰ ਰਣਜੀਤ ਸਿੰਘ ਗਿੱਲ ‘ਤੇ ਪਿੰਡ ਫ਼ਕਰਸਰ ਦੀ ਦਾਣਾ ਮੰਡੀ ‘ਚ ਕਥਿੱਤ ਤੌਰ ‘ਤੇ ਬਾਹਰਲੇ ਰਾਜ ਤੋਂ ਵੇਚਣ ਲਈ ਪਹੁੰਚੀ ਝੋਨੇ ਦੀ ਫ਼ਸਲ ਦੀ ਕਵਰੇਜ਼ ਕਰਨ ਦੌਰਾਨ ਹੋਏ ਜਾਨ ਲੇਵਾ ਹਮਲੇ ਉਪਰੰਤ ਸਿਵਲ ਹਸਪਤਾਲ ਗਿੱਦੜਬਾਹਾ ‘ਚ ਦਾਖ਼ਲ ਕਰਾਇਆ ਗਿਆ । ਉਹਨਾਂ ਕਿਹਾ ਕਿ ਪੱਤਰਕਾਰ ਰਣਜੀਤ ਸਿੰਘ ਗਿੱਲ ਨੂੰ ਭਰੋਸੇਯੋਗ ਸੂਤਰਾਂ ਦੇ ਹਵਾਲੇ ਤੋਂ ਪਤਾ ਲੱਗਾ ਸੀ ਕਿ ਮੰਡੀ ਫ਼ਕਰਸਰ ਵਿੱਚ ਆੜਤੀ ਦੀ ਮਿਲੀਭੁਗਤ ਨਾਲ ਬਾਹਰਲੀ ਸਟੇਟ ਤੋਂ ਝੋਨੇ ਦੀ ਫ਼ਸਲ ਲਿਆਂਕੇ ਹੇਰਾਫੇਰੀ ਨਾਲ ਮੰਡੀ ਵਿੱਚ ਪੰਜਾਬ ਦੀ ਦੱਸ ਕੇ ਵੇਚੀ ਜਾ ਰਹੀ ਹੈ। ਇਸ ਦਾ ਪਤਾ ਲੱਗਣ ਤੇ ਕਵਰੇਜ ਕਰਨ ਲਈ ਪੱਤਰਕਾਰ ਰਣਜੀਤ ਸਿੰਘ ਗਿੱਲ ਦਾਣਾ ਮੰਡੀ ਫ਼ਕਰਸਰ ਪਹੁੰਚਿਆ ਤਾਂ ਅੱਗੋਂ ਕੈਬਨਿਟ ਮੰਤਰੀ ਬਲਜੀਤ ਕੌਰ ਮਲੋਟ ਦੇ ਕਰੀਬੀ ਆੜਤੀ ਨੇ ਮੰਤਰੀ ਦੀ ਸ਼ਹਿ ਤੇ ਆਪਣੇ ਪੱਲੇਦਾਰਾਂ ਦੀ ਹਮਾਇਤ ਨਾਲ ਜਾਨੋਂ ਮਾਰਨ ਦੀ ਨੀਅਤ ਨਾਲ ਪੱਤਰਕਾਰ ਰਣਜੀਤ ਗਿੱਲ ਤੇ ਹਮਲਾ ਕਰ ਦਿੱਤਾ ਜਿਸ ਤੇ ਇਸ ਹਮਲੇ ਦੌਰਾਨ ਪੱਤਰਕਾਰ ਰਣਜੀਤ ਗਿੱਲ ਦੀ ਕੁੱਟਮਾਰ ਕਰਕੇ ਪੱਗ ਵੀ ਉਤਾਰ ਦਿੱਤੀ ਗਈ ਅਤੇ ਪਹਿਨੇ ਹੋਏ ਕੱਪੜੇ ਵੀ ਪਾੜ ਦਿੱਤੇ ਗਏ ਬਹੁਤ ਜ਼ਿਆਦਾ ਗਾਲੀ ਵੀ ਗਲੋਚ ਕੀਤਾ ਗਿਆ ਤੇ ਕਿਡਨੈਪ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ। ਪੱਤਰਕਾਰ ਰਣਜੀਤ ਸਿੰਘ ਗਿੱਲ ਦੇ ਦੱਸਣ ਮੁਤਾਬਿਕ ਉਸ ਨੂੰ ਡਰਾਉਣ ਦੀ ਨੀਯਤ ਨਾਲ ਆੜਤੀ ਵੱਲੋਂ ਪਿਸਤੌਲ ਵੀ ਦਿਖਾਇਆ ਗਿਆ ਤੇ ਮੋਬਾਇਲ ਫ਼ੋਨ ਵੀ ਖੋਹ ਲਿਆ ਗਿਆ। ਉਹਨਾਂ ਦੱਸਿਆ ਕਿ ਮੌਕੇ ਉੱਤੇ ਇਸ ਸਾਰੀ ਘਟਨਾ ਬਾਰੇ ਪੱਤਰਕਾਰ ਗਿੱਲ ਵੱਲੋ ਪੁਲਿਸ ਨੂੰ 112 ਨੰਬਰ ਤੇ ਸ਼ਿਕਾਇਤ ਵੀ ਕੀਤੀ ਗਈ। ਉਹਨਾਂ ਕਿਹਾ ਕਿ ਵੱਡੇ ਵੱਡੇ ਦਾਅਵੇ ਕਰਕੇ ਸੱਤਾਂ ਵਿੱਚ ਆਈ ਆਪ ਸਰਕਾਰ ਦੇ ਸਮੇਂ ਵਿੱਚ ਪੱਤਰਕਾਰ ਭਾਈਚਾਰੇ ਤੇ ਹਮਲੇ ਬਹੁਤ ਜ਼ਿਆਦਾ ਵੱਧ ਚੁੱਕੇ ਹਨ ਤੇ ਨਿੱਤ ਦਿਨ ਪੱਤਰਕਾਰ ਮਾਨ ਸਰਕਾਰ ਦੇ ਗੁੰਡਿਆਂ ਦਾ ਸ਼ਿਕਾਰ ਹੋ ਰਹੇ ਹਨ । ਉਹਨਾਂ ਕਿਹਾ ਕਿ ਸੱਤਾਂ ਵਿੱਚ ਆਉਂਣ ਤੋਂ ਪਹਿਲਾਂ ਭਗਵੰਤ ਮਾਨ ਨੇ ਪੱਤਰਕਾਰ ਭਾਈਚਾਰੇ ਨਾਲ ਬਹੁਤ ਵੱਡੇ ਵੱਡੇ ਵਾਅਦੇ ਕੀਤੇ ਸੀ ਜੋਂ ਸਾਰੇ ਚਿੱਟਾ ਹਾਥੀ ਸੀ ਸਾਬਤ ਹੋਏ ਹਨ।

# ਰਿਟਾਇਰਡ ਇੰਪਲਾਈਜ ਵੈਲਫੇਅਰ ਪੈਨਸ਼ਨਰਜ਼ ਐਸੋਸੀਏਸ਼ਨ ਮਾਨਸਾ ਕਾਰਜਕਾਰਨੀ ਦੀ ਹੋਈ ਮੀਟਿੰਗ,,,

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com



ਮਾਨਸਾ 20 ਨਵੰਬਰ (ਆਤਮਾ ਸਿੰਘ ਪਮਾਰ) ਰਿਟਾਇਰਡ ਇੰਪਲਾਈਜ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਮਾਨਸਾ ਕਾਰਜਕਾਰਨੀ ਦੀ ਮੀਟਿੰਗ ਸਥਾਨਕ ਪੈਨਸ਼ਨਰਜ ਭਵਨ ਵਿਖੇ ਸਰਪ੍ਰਸਤ, ਮੈਨੇਜਰ ਸਵਿੰਦਰ ਸਿੰਘ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਪਿਛਲੇ ਦਿਨੀਂ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਵੱਲੋਂ ਧੂਰੀ ਵਿਖੇ ਪੈਨਸ਼ਨਰਜ਼ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਰੋਸ ਪ੍ਰਦਰਸ਼ਨ ‘ਚ ਸ਼ਾਮਲ ਹੋਏ ਸਾਥੀਆਂ ਵੱਲੋਂ ਰਿਪੋਰਟਿੰਗ ਕੀਤੀ ਗਈ। ਇਸ ਤੋਂ ਇਲਾਵਾ ਸਾਲਾਨਾ ਫੰਡ ਇਕੱਤਰ ਕਰਨ ਸਬੰਧੀ ਵੱਖ ਵੱਖ ਆਗੂਆਂ ਦੀਆਂ ਲਗਾਈਆਂ ਗਈਆਂ ਡਿਊਟੀਆਂ ਲਈ ਇਕੱਤਰ ਫੰਡ ਦੀ ਰਿਪੋਰਟ ਵੀ ਲਈ ਗਈ। ਇਸ ਤੋਂ ਇਲਾਵਾ ਪੈਨਸ਼ਨਰਜ਼ ਦੀਆਂ ਬੈਂਕ ਅਤੇ ਖਜ਼ਾਨੇ ਨਾਲ ਸਬੰਧਤ ਲਾਈਫ ਸਰਟੀਫਿਕੇਟ ਸਬੰਧੀ ਆ ਰਹੀਆਂ ਸਮੱਸਿਆਵਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਬੰਧ ‘ਚ ਬੈਂਕ ਅਤੇ ਖਜ਼ਾਨੇ ਦੇ ਅਧਿਕਾਰੀਆਂ ਨੂੰ ਮਿਲਣ ਦਾ ਫੈਸਲਾ ਵੀ ਕੀਤਾ ਗਿਆ। ਇਸ ਮੌਕੇ ਹੜ੍ਹ ਪੀੜਤਾਂ ਲਈ ਇਕੱਤਰ ਕੀਤੇ ਜਾ ਰਹੇ ਫੰਡ ਸਬੰਧੀ ਵੀ ਗੱਲਬਾਤ ਹੋਈ ਅਤੇ ਫੰਡ ਦੇਣ ਤੋਂ ਰਹਿ ਗਏ ਸਾਥੀਆਂ ਨੂੰ ਅਪੀਲ ਕੀਤੀ ਕਿ ਆਪਣੀ ਜ਼ਿੰਮੇਵਾਰੀ ਸਮਝਦਿਆਂ ਬਣਦਾ ਹਿੱਸਾ ਪਾਇਆ ਜਾਵੇ। ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਸਰਕਾਰ ਨੂੰ ਮੰਨੀਆਂ ਹੋਈਆਂ ਮੰਗਾਂ ਤੁਰੰਤ ਲਾਗੂ ਕਰਨ ਦੀ ਮੰਗ ਕਰਦਿਆਂ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਦੇਣ,ਹਰ ਤਰ੍ਹਾਂ ਦੇ ਠੇਕਾ ਅਧਾਰਿਤ ਮੁਲਾਜ਼ਮਾਂ ਨੂੰ ਪੱਕਾ ਕਰਨ ਤੋਂ ਇਲਾਵਾ ਤਰ੍ਹਾਂ ਤਰ੍ਹਾਂ ਦੇ ਬੰਦ ਕੀਤੇ ਗਏ ਭੱਤੇ ਮੁੜ ਬਹਾਲ ਕਰਨ ਆਦਿ ਮੰਗਾਂ ਮੰਨਣ ਦੀ ਅਪੀਲ ਵੀ ਪੰਜਾਬ ਦੇ ਮੁੱਖ ਮੰਤਰੀ ਨੂੰ ਕੀਤੀ ਗਈ।ਸਟੇਜ ਸਕੱਤਰ ਦੀ ਭੂਮਿਕਾ ਅਜਾਇਬ ਸਿੰਘ ਅਲੀਸ਼ੇਰ ਵੱਲੋਂ ਬਾਖੂਬੀ ਨਿਭਾਈ ਗਈ।ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਆਤਮਾ ਸਿੰਘ ਪਮਾਰ,ਪਿਰਥੀ ਸਿੰਘ ਮਾਨ, ਬਿੱਕਰ ਸਿੰਘ ਮੰਘਾਣੀਆ, ਹਰਬੰਸ ਸਿੰਘ ਢਿੱਲੋਂ, ਜਗਸੀਰ ਸਿੰਘ ਢਿੱਲੋਂ, ਸੁਰਜੀਤ ਸਿੰਘ ਖਿਆਲਾ, ਸਵਿੰਦਰ ਸਿੰਘ ਜੇ ਈ, ਜਗਦੀਸ਼ ਰਾਏ, ਜੀਤ ਸਿੰਘ ਭੁੱਲਰ,ਸਾਬਕਾ ਪ੍ਰਧਾਨ ਸੱਤਪਾਲ ਭੈਣੀ ਬਾਘਾ, ਬਾਦਸ਼ਾਹ ਸਿੰਘ, ਜਸਵੰਤ ਸਿੰਘ ਕੁਲੈਹਿਰੀ,ਇੰਦਰ ਸਿੰਘ,ਪਰਮਜੀਤ ਕੌਰ ਮਾਨਸਾ, ਗੋਰਾ ਲਾਲ ਅਤਲਾ, ਗੁਰਦੇਵ ਸਿੰਘ ਘੁਮਾਣ ਅਤੇ ਰਾਕੇਸ਼ ਕੁਮਾਰ ਆਦਿ ਵੀ ਹਾਜ਼ਰ ਸਨ।

# ਲੇਖ ਮੁਕਾਬਲੇ ਚ ਪਹਿਲਾ ਸਥਾਨ ਹਾਸਿਲ ਕਰਕੇ ਕਿਰਨਦੀਪ ਕੌਰ ਨਾਫਰੇ (ਮਹਿਦੂਦਾਂ) ਨੇ ਚਮਕਾਇਆ ਜਿਲ੍ਹੇ ਦਾ ਨਾਮ

## ਕੈਬਨਿਟ ਮੰਤਰੀ ਖੁੱਡੀਆਂ ਨੇ ਪੀ ਏ ਯੂ ਨਕਦ ਇਨਾਮ, ਮੇਮੈਂਟੋ ਅਤੇ ਸਰਟੀਫਿਕੇਟ ਨਾਲ ਕੀਤਾ ਸਨਮਾਨਿਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com



ਲੁਧਿਆਣਾ 20 ਨਵੰਬਰ ( ) ਬੀ ਸੀ ਐਮ ਸੀਨੀਅਰ ਸੈਕੰਡਰੀ ਸਕੂਲ ਫੋਕਲ ਪੁਆਇੰਟ ਦੀ ਹੋਣਹਾਰ ਵਿਦਿਆਰਥਣ ਕਿਰਨਦੀਪ ਕੌਰ ਨਾਫਰੇ (ਮਹਿਦੂਦਾਂ) ਨੇ ਇੱਕ ਵੱਡੀ ਮੱਲ ਮਾਰਦਿਆਂ ਲੁਧਿਆਣਾ ਜਿਲ੍ਹੇ ਦਾ ਨਾਮ ਪੰਜਾਬ ਭਰ ਵਿੱਚ ਚਮਕਾ ਦਿੱਤਾ ਹੈ। ਉਸਨੇ ਬੀਤੇ ਦਿਨ ਪੰਜਾਬ ਭਰ ਦੇ 11ਵੀਂ ਅਤੇ 12ਵੀਂ ਦੇ 400 ਵਿਦਿਆਰਥੀਆਂ ‘ਚ ਹੋਏ ਲੇਖ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕਰਕੇ ਲੁਧਿਆਣਾ ਜਿਲ੍ਹੇ, ਬੀ ਸੀ ਐਮ ਸੀਨੀਅਰ ਸੈਕੰਡਰੀ ਸਕੂਲ ਅਤੇ ਮਾਤਾ ਜਰਨਲਿਸਟ ਗੁਰਿੰਦਰ ਸਿੰਘ ਮਹਿਦੂਦਾਂ (ਮੁੱਖ ਸੰਪਾਦਕ) ਤੇ ਪਿਤਾ ਗੁਰਪ੍ਰੀਤ ਸਿੰਘ ਮਹਿਦੂਦਾਂ ਮੁਲਾਜਮ ਆਗੂ ਤੇ ਸਾਬਕਾ ਮੁੱਖ ਸੰਪਾਦਕ ਦਾ ਨਾਮ ਚਮਕਾ ਦਿੱਤਾ। ਕਿਰਨਦੀਪ ਕੌਰ ਨਾਫ਼ਰੇ ਦੀ ਪਹਿਲੀ ਪੁਜੀਸ਼ਨ ਆਉਣ ‘ਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਅਤੇ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਸਾਂਝੇ ਤੌਰ ‘ਤੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਵਿਖੇ ਆਯੋਜਿਤ ਰਾਜ ਪੱਧਰੀ ਬੱਚਿਆਂ ਦਾ ਸੈਮੀਨਾਰ “ਸਿਹਤ ਅਤੇ ਖੁਸ਼ਹਾਲੀ ਲਈ ਦੁੱਧ” ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਸ੍ਰ ਗੁਰਮੀਤ ਸਿੰਘ ਖੁੱਡੀਆਂ ਕੈਬਨਿਟ ਮੰਤਰੀ ਖੇਤੀਬਾੜੀ, ਕਿਸਾਨ ਭਲਾਈ, ਫੂਡ ਪ੍ਰੋਸੈਸਿੰਗ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਨੇ 3000 ਰੁਪਏ ਦੇ ਨਕਦ ਇਨਾਮ, ਯਾਦਗਾਰੀ ਚਿੰਨ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ। ਬੀ ਸੀ ਐਮ ਸੀਨੀਅਰ ਸੈਕੰਡਰੀ ਸਕੂਲ ਲਈ ਵੱਡੀ ਮਾਣ ਵਾਲੀ ਗੱਲ ਇਹ ਵੀ ਰਹੀ ਕਿ ਏਸੇ ਸਕੂਲ ਦੀਆਂ ਵਿਦਿਆਰਥਣਾਂ ਬਾਨੀ ਡੋਗਰਾ ਨੇ ਦੂਜਾ ਅਤੇ ਅਕਸ਼ਰਾ ਨੇ ਤੀਜਾ ਸਥਾਨ ਹਾਸਿਲ ਕੀਤਾ। ਉਨ੍ਹਾਂ ਦੋਵਾਂ ਨੂੰ ਵੀ ਏਸੇ ਸਮਾਗਮ ਵਿੱਚ 2000 ਰੁਪਏ ਦੇ ਨਕਦ ਇਨਾਮ, ਯਾਦਗਾਰੀ ਚਿੰਨ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖੁਸ਼ੀ ਸਾਂਝੀ ਕਰਦਿਆਂ ਕਿਰਨਦੀਪ ਕੌਰ ਨਾਫਰੇ ਨੇ ਕਿਹਾ ਕਿ ਉਸ ਦੇ ਲਿਖੇ ਲੇਖ ਨੂੰ ਪਹਿਲਾ ਸਥਾਨ ਮਿਲਣ ਤੇ ਉਸਨੂੰ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਜਿਸਦਾ ਸ਼੍ਰੇਹ ਉਹ ਆਪਣੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਨੀਰੂ ਕੌੜਾ ਸਮੇਤ ਬਾਕੀ ਟੀਚਰਾਂ ਨੂੰ ਦੇਣਾ ਚਾਹੁੰਦੀ ਹੈ ਜ਼ੋ ਵਿਦਿਆਰਥੀਆਂ ਦੇ ਅੰਦਰ ਦੀ ਕਲ੍ਹਾ ਨਿਖਾਰਨ ਲਈ ਮੌਕਾ ਦੇਣ ਦੇ ਨਾਲ ਨਾਲ ਸਹਿਯੋਗ ਵੀ ਦਿੰਦੇ ਹਨ। ਉਨ੍ਹਾਂ ਇਸ ਕਾਮਯਾਬੀ ਲਈ ਆਪਣੇ ਵੱਡੇ ਭਰਾ ਹਰਸ਼ਦੀਪ ਸਿੰਘ ਮਹਿਦੂਦਾਂ (ਲੇਖਕ ਚਰਚਿਤ ਕਿਤਾਬ “ਮੂਲ ਮੈਂ”) ਨੂੰ ਵੀ ਸ਼ਰੇ ਦਿੰਦਿਆਂ ਕਿਹਾ ਕਿ ਮੁਕਾਬਲੇ ‘ਚ ਪਹਿਲੇ ਸਥਾਨ ‘ਤੇ ਆਏ ਲੇਖ “ਮਿਲਕ ਫਾਰ ਹੈਲਥ ਐਂਡ ਪ੍ਰੋਸਪੇਰਿਟੀ” ਦੀ ਚੋਣ ਵਿੱਚ ਉਸਦਾ ਵੀ ਯੋਗਦਾਨ ਹੈ। ਉਸਨੇ ਪੱਤਰਕਾਰੀ ਦੇ ਖੇਤਰ ਵਿੱਚ ਚੰਗਾ ਸਥਾਨ ਰੱਖਣ ਵਾਲੇ ਆਪਣੇ ਮਾਤਾ ਪਿਤਾ ਦਾ ਵਿਸ਼ੇਸ਼ ਧੰਨਵਾਦ ਕਰਦਿਆ ਕਿਹਾ ਕਿ ਉਹ ਹਰ ਖੇਤਰ ਵਿੱਚ ਉਸਨੂੰ ਪ੍ਰੋਤਸਾਹਿਤ ਕਰਦੇ ਹਨ ਜਿਸਦੀ ਬਦੌਲਤ ਉਸ ਵੱਲੋਂ ਕਈ ਹੋਰ ਮੁਕਾਬਲੇ ਵੀ ਜਿੱਤੇ ਗਏ ਹਨ।

# ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ (1680)

## ਜੰਗਲਾਤ ਕਾਮਿਆਂ ਦਾ ਅਣਮਿੱਥੇ ਸਮੇਂ ਲਈ ਸ਼ੁਰੂ ਕੀਤਾ ਧਰਨਾ ਦੂਜੇ ਦਿਨ ਵਿੱਚ ਸ਼ਾਮਲ ਹੋਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com




ਪਟਿਆਲਾ : 20 ਨਵੰਬਰ : ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਜਿਲਾ ਸ਼ਾਖਾ ਵਲੋਂ ਵਣ ਮੰਡਲ ਦਫਤਰ ਅੱਗੇ ਸ਼ੁਰੂ ਕੀਤਾ ਅਣਮਿੱਥੇ ਸਮੇਂ ਲਈ ਰੋਸ ਧਰਨਾ, ਦੂਜੇ ਦਿਨ ਵਿੱਚ ਸ਼ਾਮਲ ਹੋਣ ਤੇ ਵਣ ਮੰਡਲ ਦਫਤਰ ਅੱਗੇ ਇੱਕ ਵੱਡੀ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਵੱਖ—ਵੱਖ ਵਿਭਾਗਾਂ ਵਿਚੋਂ ਚੌਥਾ ਦਰਜਾ ਕਰਮਚਾਰੀ ਆਗੂ ਤੇ ਮੈਂਬਰਜ਼ ਹਮਾਇਤ ਵਜੋ ਸ਼ਾਮਲ ਹੋਏ। ਇੱਥੇ ਪਿੱਟ ਸਿਆਪਾ ਕਰਨ ਉਪਰੰਤ ਸਮੂਹ ਕਰਮਚਾਰੀ ਰੋਸ ਮਾਰਚ ਵਣਪਾਲ ਦਫਤਰ ਵਿਖੇ ਪਹੁੰਚਕੇ ਵਣ ਮੰਡਲ ਅਫਸਰ ਦਾ ਜੋਰਦਾਰ ਪਿੱਟ ਸਿਆਪਾ ਕੀਤਾ ਗਿਆ। ਇਸ ਮਾਰਚ ਦੀ ਅਗਵਾਈ ਕਾ. ਦਰਸ਼ਨ ਸਿੰਘ ਲੁਬਾਣਾ ਸੂਬਾ ਪ੍ਰਧਾਨ, ਕਾ. ਜਗਮੋਹਨ ਨੋਲੱਖਾ ਪ੍ਰਧਾਨ ਫੈਡਰੇਸ਼ਨ ਨੇ ਕੀਤੀ। ਇਨ੍ਹਾਂ ਨੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ 2023 ਵਿੱਚ ਕਾਮਿਆਂ ਨੂੰ ਰੈਗੂਲਰ ਕਰਨਦਾ ਜਾਰੀ ਨੋਟੀਫਿਕੇਸ਼ਨ ਅਧੂਰਾ ਹੈ, ਇਸ ਨੂੰ ਰੈਗੂਲਰ ਹੋਣ ਵਾਲੇ ਕਰਮੀਆ ਦਾ ਆਰਥਿਕ ਤੇ ਸੇਵਾਵਾਂ ਵਿੱਚ ਸ਼ੋਸ਼ਣ ਕੀਤਾ ਗਿਆ ਹੈ। ਇਹ ਪੱਤਰ ਰਾਹੀਂ ਕੇਵਲ ਉੱਕਾ ਪੁੱਕਾ 18000 ਰੁਪਏ ਦੇਣ ਤੇ 58 ਸਾਲ ਦੀ ਉਮਰ ਵਿੱਚ ਸੇਵਾ ਨਿਵਿਰਤ ਕਰਨ ਲੂੰ ਕਿਹਾ ਗਿਆ ਹੈ। ਪੂਰੀ ਸੇਵਾ ਵਿੱਚ ਕੋਈ ਵੀ ਵਿੱਤੀ ਲਾਭ ਨਹੀਂ ਮਿਲੇਗਾ। ਦਰਸ਼ਨ ਸਿੰਘ ਲੁਬਾਣਾ ਨੇ ਕਿਹਾ ਕਿਅ ਾਪ ਸਰਕਾਰ ਨੇ ਨਿਯਮਾਂ ਦਾ ਖਿਲਵਾੜ ਕੀਤਾ ਹੈ। ਜਦੋਂ ਕਿ ਕਲਾਸ ਫੋਰਥ ਸੇਵਾ ਨਿਯਮ 1962 ਤੇ ਸੋਧੇ 2003 ਵਿੱਚ ਸੇਵਾ ਨਿਵਿਰਤੀ ਉਮਰ 60 ਸਾਲਾ ਦੀ ਵਿਵਸਥਾ ਕੀਤੀ ਹੋਈ ਹੈ। ਜਗਮੋਹਨ ਨੋਲੱਖਾ ਨੇ ਕਿਹਾ ਕਿ ਕੋਈ ਪੈਨਸ਼ਨ ਨਹੀਂ, ਕੋਈ ਭੱਤਾ ਨਹੀਂ ਇਹ ਜੰਗਲਾਤ ਕਾਮਿਆਂ ਦਾ ਵੱਡਾ ਆਰਥਿਕ ਸ਼ੋਸ਼ਣ ਹੈ। ਵਣ ਦਫਤਰ ਵਿੱਚ ਇਹਨਾਂ ਨਿਯਮਾਂ ਤਹਿਤ ਰੈਗੂਲਰ ਹੋ ਰਹੇ ਕਾਮਿਆਂ ਦਾ ਵਣ ਰੋਜਾ ਤੇ ਵਣ ਮੰਡਲ ਦਫਤਰ ਖਿਲਵਾੜ ਕੀਤੀ ਜਾ ਰਿਹਾ ਹੈ। ਜਿਸ ਵਿਰੁੱਧ ਤੇ ਹੋਰ ਮੰਗਾਂ ਸਮੇਤ ਰਹਿੰਦੀਆਂ ਤਨਖਾਹਾਂ, ਕੰਮਾਂ ਤੇ ਮੇਲ ਤੇ ਫੀਮੇਲ ਵਰਕਰਾਂ ਨੂੰ ਨਜਾਇਜ ਤੌਰ ਤੇ ਫਾਰਗ ਕਰਨਾ ਮਨੁੱਖੀ ਅਧਿਕਾਰ ਦੀ ਘੋਰ ਉਲੰਘਣਾ ਹੈ। ਮੋਰਚੇ ਨੂੰ ਜਾਰੀ ਰੱਖਣ ਦਾ ਅਹਿਦ ਕੀਤਾ ਗਿਆ। ਚਲ ਰਹੀ ਰੈਲੀ ਵਿੱਚ ਵਣ ਮੰਡਲ ਅਫਸਰ ਜੀ ਨੇ ਯੂਨੀਅਨ ਦੇ ਆਗੂਆਂ ਨੂੰ ਅਪੀਲ ਕੀਤੀ ਮੀਟਿੰਗ ਲਈ ਸੱਦਾ ਦਿੱਤਾ ਗਿਆ। ਵਿਸ਼ਵਾਸ਼ ਦਿਵਾਇਆ ਤੇ ਚਲ ਰਿਹਾ ਪੱਕਾ ਮੋਰਚਾ ਮੁਲਤਵੀ ਕੀਤਾ ਗਿਆ। ਇਸ ਮੌਕੇ ਦਰਸ਼ਨ ਸਿੰਘ ਲੁਬਾਣਾ, ਸ੍ਰੀ ਜਗਮੋਹਨ ਸਿੰਘ ਨੋਲੱਖਾ, ਨਾਰੰਗ ਸਿੰਘ, ਸ਼ਿਵ ਚਰਨ, ਬਲਜੀਤ ਬੱਲੀ, ਤਰਲੋਚਨ ਗਿਰ ਮਾੜੂ, ਗੁਰਮੇਲ ਸਿੰਘ ਸਮਾਣਾ, ਬਲਵਿੰਦਰ ਸਿੰਘ ਨਾਭਾ, ਤਰਲੋਚਨ ਮੰਡੋਲੀ, ਸਬਦਲ ਸਿੰਘ, ਅਸ਼ੋਕ ਬਿੱਟੂ, ਸੁਖਦੇਵ ਝੰਡੀ, ਸ਼ਿਵ ਚਰਨ, ਰਾਮ ਲਾਲ ਰਾਮਾ, ਰਾਜੂ ਸਨੌਰ, ਪਰਮਜੀਤ ਦੇਵੀਗੜ੍ਹ, ਅਜੈ ਕੁਮਾਰ, ਆਦਿ ਸਾਥੀ ਸ਼ਾਮਲ ਸਨ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਯੁਵਾ ਆਪਦਾ ਮਿੱਤਰ’ ਯੋਜਨਾ ਤਹਿਤ ਹੁਸ਼ਿਆਰਪੁਰ ‘ਚ ਲਗਾਇਆ ਸਿਖਲਾਈ ਪ੍ਰੋਗਰਾਮ

## 250 ਐਨ.ਐਸ.ਐਸ ਵਲੰਟੀਅਰਾਂ ਨੇ ਸਿਖਲਾਈ ‘ਚ ਲਿਆ ਹਿੱਸਾ

“Equality and justice” Patiala 20 November INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ‘ਯੁਵਾ ਆਪਦਾ ਮਿੱਤਰ ਯੋਜਨਾ’ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 16 ਨਵੰਬਰ ਨੂੰ ਸ਼ੁਰੂ ਹੋਇਆ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਲਗਾਤਾਰ ਚਾਰ ਦਿਨਾਂ ਤੋਂ ਉਤਸ਼ਾਹ ਨਾਲ ਜਾਰੀ ਹੈ। ਇਹ ਸਿਖਲਾਈ 23 ਨਵੰਬਰ ਤੱਕ ਚੱਲੇਗੀ, ਜਿਸ ਵਿੱਚ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਐਡਮਿਨਿਸਟ੍ਰੇਸ਼ਨ ਦੀ ਇਕ ਵਿਸ਼ੇਸ਼ ਟੀਮ ਵਲੰਟੀਅਰਾਂ ਨੂੰ ਆਫ਼ਤ ਪ੍ਰਬੰਧਨ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ‘ਤੇ ਵਿਹਾਰਕ ਜਾਣਕਾਰੀ ਪ੍ਰਦਾਨ ਕਰ ਰਹੀ ਹੈ। ਫੂਡ ਕਰਾਫਟ ਇੰਸਟੀਚਿਊਟ, ਹੁਸ਼ਿਆਰਪੁਰ ਵਿਖੇ ਆਯੋਜਿਤ ਇਸ ਸਿਖਲਾਈ ਵਿੱਚ ਕੁੱਲ 250 ਐਨ.ਐਸ.ਐਸ ਵਲੰਟੀਅਰ ਹਿੱਸਾ ਲੈ ਰਹੇ ਹਨ।



ਸਿਖਲਾਈ ਦੇ ਪਹਿਲੇ ਦਿਨ ਕੋਰਸ ਡਾਇਰੈਕਟਰ ਕਰਨਲ ਦਲਬੀਰ ਸਿੰਘ ਅਤੇ ਕੋਰਸ ਕੋਆਰਡੀਨੇਟਰ ਅੰਕੁਰ ਸ਼ਰਮਾ ਨੇ ਪ੍ਰੋਗਰਾਮ ਦਾ ਉਦਘਾਟਨ ਕੀਤਾ। ਵਲੰਟੀਅਰਾਂ ਨੂੰ ਰਜਿਸਟਰ ਕੀਤਾ ਗਿਆ ਅਤੇ ਵੱਖ-ਵੱਖ ਕਿਸਮਾਂ ਦੀਆਂ ਆਫ਼ਤਾਂ, ਮੁਢਲੀ ਤਿਆਰੀ ਅਤੇ ਕਮਿਊਨਿਟੀ-ਪੱਧਰੀ ਜੋਖਮ ਘਟਾਉਣ ਦੇ ਤਰੀਕਿਆਂ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕੀਤੀ ਗਈ। ਦੂਜੇ ਦਿਨ, ਟ੍ਰੇਨਰਾਂ ਨੇ ਭੀੜ ਨਿਯੰਤਰਣ, ਸੁਰੱਖਿਅਤ ਨਿਕਾਸੀ ਰੂਟਾਂ, ਆਫ਼ਤ ਪ੍ਰਬੰਧਨ ਅਤੇ ਐਮਰਜੈਂਸੀ ਕਿੱਟਾਂ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਸਿਖਲਾਈ ਪ੍ਰਦਾਨ ਕੀਤੀ। ਟ੍ਰੇਨਰ ਸ਼ੁਭਮ ਵਰਮਾ ਅਤੇ ਅੰਕੁਰ ਨੇ ਵਿਦਿਆਰਥੀਆਂ ਨੂੰ ਸੁਰੱਖਿਅਤ ਸਥਾਨ ‘ਤੇ ਪਹੁੰਚਣ ਦੇ ਤਰੀਕੇ ਬਾਰੇ ਸਿਖਲਾਈ ਵੀ ਪ੍ਰਦਾਨ ਕੀਤੀ।ਤੀਜੇ ਦਿਨ, ਵਲੰਟੀਅਰਾਂ ਨੂੰ ਭੂਚਾਲ ਸੁਰੱਖਿਆ ਅਤੇ ਭੁਚਾਲ ਦੌਰਾਨ ਅਪਣਾਈਆਂ ਜਾਣ ਵਾਲੀਆਂ ਤਕਨੀਕਾਂ ਬਾਰੇ ਸਿਖਲਾਈ ਦਿੱਤੀ ਗਈ। ਟ੍ਰੇਨਰ ਸਚਿਨ ਨੇ ਮਲਬੇ ਹੇਠ ਫਸੇ ਜ਼ਖਮੀਆਂ ਨੂੰ ਲੱਭਣ ਅਤੇ ਬਚਾਉਣ ਦੇ ਤਰੀਕਿਆਂ ਦਾ ਪ੍ਰਦਰਸ਼ਨ ਕੀਤਾ। ਸ਼ੁਭਮ ਵਰਮਾ ਅਤੇ ਸਲੋਨੀ ਨੇ ਵਲੰਟੀਅਰਾਂ ਨੂੰ ਮਲਬੇ ਤੋਂ ਜ਼ਖਮੀਆਂ ਨੂੰ ਸੁਰੱਖਿਅਤ ਢੰਗ ਨਾਲ ਕੱਢਣ ਲਈ ਵੱਖ-ਵੱਖ ਤਕਨੀਕਾਂ ਸਿਖਾਈਆਂ। ਚੌਥੇ ਦਿਨ, ਵਲੰਟੀਅਰਾਂ ਨੂੰ ਰੱਸੀ ਨਾਲ ਬਚਾਅ ਸਬੰਧੀ ਤਕਨੀਕਾਂ ਦੀ ਸਿਖਲਾਈ ਦਿੱਤੀ ਗਈ। ਟ੍ਰੇਨਰ ਸਚਿਨ ਸ਼ਰਮਾ ਨੇ ਉਨ੍ਹਾਂ ਨੂੰ ਵੱਖ-ਵੱਖ ਗੰਢਾਂ ਬੰਨ੍ਹਣ, ਉੱਚੀਆਂ ਥਾਵਾਂ ਤੋਂ ਚੜ੍ਹਨ ਅਤੇ ਉਤਰਨ ਦਾ ਤਰੀਕਾ ਸਿਖਾਇਆ ਅਤੇ ਟ੍ਰੇਨਰ ਪ੍ਰੀਤੀ ਦੇਵੀ ਸ਼ਾਨੂ ਅਤੇ ਸ਼ੈਨਾ ਕੌਰ ਨੇ ਗਰਮੀ ਅਤੇ ਠੰਡੀਆਂ ਲਹਿਰਾਂ ਦੌਰਾਨ ਬਚਾਅ ਉਪਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਕੋਰਸ ਕੋਆਰਡੀਨੇਟਰ ਅੰਕੁਰ ਸ਼ਰਮਾ ਨੇ ਸੀ.ਪੀ.ਆਰ ਕਿਵੇਂ ਦੇਣਾ ਹੈ ਇਸਦਾ ਇੱਕ ਵਿਹਾਰਕ ਪ੍ਰਦਰਸ਼ਨ ਵੀ ਦਿੱਤਾ। ਮੈਕਸੀਪਾ ਟੀਮ ਦੇ ਇੰਸਟ੍ਰਕਟਰਾਂ ਸ਼ਿਵ ਮੂਰਤੀ, ਪ੍ਰੀਤੀ, ਸ਼ਾਇਨਾ, ਆਯੁਸ਼, ਸ਼ੁਭਮ ਅਤੇ ਅਮਨ ਦੀ ਸਰਗਰਮ ਭਾਗੀਦਾਰੀ ਨਾਲ ਸਿਖਲਾਈ ਸਫਲਤਾਪੂਰਵਕ ਜਾਰੀ ਰਹੀ। ਵਲੰਟੀਅਰਾਂ ਨੇ ਸਾਰੇ ਸੈਸ਼ਨਾਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਬਹੁਤ ਦਿਲਚਸਪੀ ਨਾਲ ਵਿਹਾਰਕ ਅਭਿਆਸ ਕੀਤੇ।

# ਵਿਕਾਸ ਮਿਸ਼ਨ ਨੇ ਨਵੇਂ ਜਿਲ੍ਹਾ ਪੁਲਿਸ ਮੁਖੀ ਨੂੰ ਵਧਾਈ ਪੱਤਰ ਲਿਖਿਆ : ਢੋਸੀਵਾਲ

## -- ਜਲਦੀ ਕੀਤੀ ਜਾਵੇਗੀ ਸਵਾਗਤੀ ਮਿਲਣੀ --

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com

ਸ੍ਰੀ ਮੁਕਤਸਰ ਸਾਹਿਬ, 20 ਨਵੰਬਰ (ਜਗਦੀਸ਼ ਰਾਏ ਢੋਸੀਵਾਲ ) ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਅਭਿਮੰਨਿਊ ਰਾਣਾ ਆਈ.ਪੀ.ਐੱਸ. ਨੂੰ ਜਿਲ੍ਹਾ ਪੁਲਿਸ ਮੁਖੀ ਵਜੋਂ ਅਹੁਦਾ ਸੰਭਾਲਣ ’ਤੇ ਵਧਾਈ ਪੱਤਰ ਲਿਖਿਆ ਹੈ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਆਪਣੀ ਸੰਸਥਾ ਵੱਲੋਂ ਲਿਖੇ ਪੱਤਰ ਵਿੱਚ ਸ੍ਰੀ ਰਾਣਾ ਦੀ ਨਿਯੁਕਤੀ ਨੂੰ ਸਮੁੱਚੇ ਜਿਲ੍ਹੇ ਲਈ ਮਾਣ ਵਾਲੀ ਗੱਲ ਕਰਾਰ ਦਿੱਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਕਿਹਾ ਹੈ ਕਿ ਨੌਜਵਾਨ ਜਿਲ੍ਹਾ ਪੁਲਿਸ ਮੁਖੀ ਸ੍ਰੀ ਰਾਣਾ ਦੀ ਇਮਾਨਦਾਰੀ ਅਤੇ ਡਿਊਟੀ ਪ੍ਰਤੀ ਲਗਨ ਵਾਲੀ ਨੀਤੀ ਜਿਲ੍ਹੇ ਦੇ ਪੁਲਿਸ ਵਿਭਾਗ ਵਿੱਚ ਵਿਲੱਖਣ ਤਬਦੀਲੀ ਲਿਆਵੇਗੀ। ਢੋਸੀਵਾਲ ਨੇ ਅੱਗੇ ਇਹ ਵੀ ਦੱਸਿਆ ਹੈ ਕਿ ਜਲਦੀ ਹੀ ਉਨ੍ਹਾਂ ਦੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਉੱਚ ਪੱਧਰੀ ਵਫ਼ਦ ਵੱਲੋਂ ਨਵੇਂ ਜਿਲ੍ਹਾ ਪੁਲਿਸ ਮੁਖੀ ਸ੍ਰੀ ਰਾਣਾ ਨਾਲ ਉਨ੍ਹਾਂ ਦੇ ਦਫਤਰ ਵਿਖੇ ਪਲੇਠੀ ਮੁਲਾਕਾਤ ਕੀਤੀ ਜਾਵੇਗੀ। ਮੁਲਕਾਤ



ਦੌਰਾਨ ਸ੍ਰ. ਰਾਣਾ ਦਾ ਰਸਮੀ ਸਵਾਗਤ ਕੀਤਾ ਜਾਵੇਗਾ ਅਤੇ ਮਿਸ਼ਨ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

# ਸਲਾਨਾ ਸਮਾਗਮ 21 ਨਵੰਬਰ 2025 ਦਿਨ ਸ਼ੁੱਕਰਵਾਰ ਨੂੰ ਹੋਵੇਗਾ

“Equality and justice” Patiala 20 November INTERNATIONAL PAPER, 94636 01616 hardipchumber57@gmail.com

ਬੰਗਾ( ਚਰਨਜੀਤ ਸੱਲ੍ਹਾਂ ) ਸਲਾਨਾ ਸਮਾਗਮ 21 ਨਵੰਬਰ 2025 ਦਿਨ ਸ਼ੁੱਕਰਵਾਰ ਪਿੰਡ ਭਰੋ ਮਜਾਰਾ ਸ਼ਹੀਦ ਭਗਤ ਸਿੰਘ ਨਗਰ ਨੇੜੇ ਬਹਿਰਾਮ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।20 ਨਵੰਬਰ 2025 ਦਿਨ ਵੀਰਵਾਰ ਨੂੰ ਚਿਰਾਗਾਂ ਤੇ ਨਿਸ਼ਾਨ ਸਾਹਿਬ ਦੀ ਰਸਮ ਅਤੇ ਕਵਾਲੀ ਸ਼ਾਮ 3 ਵਜੇ ਹੋਵੇਗੀ।21 ਨਵੰਬਰ 2025 ਦਿਨ ਸ਼ੁੱਕਰਵਾਰ ਨੂੰ ਧਾਰਮਿਕ ਦੀਵਾਨ ਦੀ ਆਰੰਭਤਾ ਸਵੇਰੇ 11-30 ਵਜੇ ਤੋਂ 3-00 ਤੱਕ ਹੋਵੇਗਾ ਜਿਸ ਲਈ ਸੱਦਾ ਸਾਈਂ ਪੱਪਲ ਸ਼ਾਹ ਜੀ ਭਰੋ ਮਜਾਰਾ ਵੱਲੋਂ ਸਮੂਹ ਸੰਗਤਾਂ ਨੂੰ ਦਿੱਤਾ ਗਿਆ ਹੈ।




# ਜੇਤ ਸੋਸ਼ਲ ਅਵੇਅਰਨੈਸ ਐਂਡ ਵੈਲਫੇਅਰ ਸੁਸਾਇਟੀ ਵੱਲੋਂ ਪਿੰਡਾਂ ਵਿਚ ਐਨ ਐਲ ਓ ਨਾਲ ਮਿਲ ਕੇ ਜਨਹਿਤ ਜਾਗਰੂਕਤਾ ਮੁਹਿੰਮ ਦਾ ਆਗਾਜ਼

“Equality and justice” Patiala 20 November INTERNATIONAL PAPER, 94636 01616 hardipchumber57@gmail.com

ਰਾਹੋਂ (ਸਤਨਾਮ ਸਿੰਘ ਸਹੂੰਗੜਾ) ਬੇਗਮ ਪੁਰਾ ਦੇ ਸੁਪਨਸਾਜ਼, ਕ੍ਰਾਂਤੀਕਾਰੀ ਰਹਿਬਰ ਸਾਹਿਬ-ਏ-ਕਮਾਲ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਮਹਾਨ ਗੁਰਪੁਰਬ ਨੂੰ ਸਮੱਰਪਿਤ ਅਤੇ ਸਮਾਜ ਸੇਵਿਕਾ ਸ਼੍ਰੀ ਮਤੀ ਨਵਜੋਤ ਕੌਰ ਭਾਰਤੀ ਜੀ ਦੀ ਨਿੱਘੀ ਯਾਦ ਵਿੱਚ ‘ਜੇਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ’ ਵੱਲੋਂ ਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਸਹਿਯੋਗ ਨਾਲ ਨਿਸ਼ਕਾਮ ਸੇਵਾਵਾਂ ਨਿਭਾਉਦਿਆਂ ‘ਜਨ ਹਿੱਤ ਜਾਗਰੂਕਤਾ ਮੁਹਿੰਮ’ ਤਹਿਤ ਵੱਖ ਵੱਖ ਥਾਵਾਂ ਤੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਲੜੀ ਵਿੱਚ ਬੀਤੇ ਦਿਨੀਂ ਸੁਸਾਇਟੀ ਵੱਲੋਂ ਡਾਕੂਮੈਂਟੇਸ਼ਨ ਅਫ਼ਸਰ ਕੁਮਾਰੀ ਸਿਮਰਨਜੋਤ ਕੌਰ ਭਾਰਤੀ ਦੀ ਅਗਵਾਈ ਵਿੱਚ ਪਿੰਡ ਕਰਿਆਮ ਵਿਖੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਐਵਾਰਡੀ ਵੱਲੋਂ ਵਿਸ਼ੇਸ਼ ਤੌਰ ਤੇ ਸੇਵਾਵਾਂ ਨਿਭਾਈਆਂ ਗਈਆਂ। ਉਨ੍ਹਾਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਨੁੱਖਤਾਵਾਦੀ ਗੁਰਬਾਣੀ ਦੇ ਸੰਦੇਸ਼ ਅਨੁਸਾਰ ਜ਼ੋਰ ਦੇ ਕੇ ਕਿਹਾ ਕਿ ਆਪਣੇ ਫ਼ਰਜ਼ਾਂ ਅਤੇ ਅਧਿਕਾਰਾਂ ਦੀ ਜਾਣਕਾਰੀ ਹੋਣਾ ਹੀ ਆਪਣੀ ਅਸਲੀ ਸ਼ਕਤੀ ਹੁੰਦੀ ਹੈ। ਇਸ ਕੈਂਪ ਦੌਰਾਨ ਭਾਰੀ ਗਿਣਤੀ ਵਿੱਚ ਹਾਜ਼ਰ ਹੋਏ ਲੋੜਵੰਦ ਪਿੰਡ ਵਾਸੀਆਂ ਨੂੰ ਜ਼ਮੀਨੀ ਤੌਰ ਤੇ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਵੱਖ ਵੱਖ ਪਹਿਲੂਆਂ ਤੋਂ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ 87 ਮਨਰੇਗਾ ਮਜ਼ਦੂਰਾਂ ਵੱਲੋਂ ਰੁਜ਼ਗਾਰ ਲੈਣ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਨਵਾਂਸ਼ਹਿਰ ਨੂੰ ਅਰਜ਼ੀਆਂ ਵੀ ਭੇਜੀਆਂ ਗਈਆਂ। ਇਸ ਮੌਕੇ ਤੇ ਸਮਾਜ ਸੇਵੀ ਨਰਿੰਦਰ ਕੁਮਾਰ, ਸਰਪੰਚ ਮਨਜੀਤ ਕੌਰ, ਪੰਚ ਜਸਵਿੰਦਰ ਕੌਰ, ਪੰਚ ਨੀਲਮ ਰਾਣੀ, ਗਿਆਨ ਚੰਦ, ਮਹਿੰਦਰ ਪਾਲ, ਇੰਦਰਜੀਤ ਸਿੰਘ, ਰੋਮੀ, ਕੁਲਦੀਪ ਬੱਧਣ, ਸੁਨੀਤਾ ਰਾਣੀ, ਆਸ਼ਾ ਰਾਣੀ ਅਤੇ ਮਨਜੀਤ ਕੌਰ ਵਿਸ਼ੇਸ਼ ਤੌਰ ਤੇ ਮੌਜੂਦ ਸਨ।



# ਬਸਪਾ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਮੌਕੇ ਇਸਤਰੀ ਚੇਤਨਾ ਸਮੇਲਨ ਕਰੇਗੀ- ਅਸ਼ੋਕ ਕਪਤਾਨ

“Equality and justice” Patiala 20 November INTERNATIONAL PAPER, 94636 01616 hardipchumber57@gmail.com

ਮਾਨਯੋਗ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਪਾਰਲੀਮੈਂਟ ਤੇ ਪ੍ਰਧਾਨ ਬਸਪਾ ਪੰਜਾਬ ਦੀ ਗਤੀਸ਼ੀਲ ਅਗਵਾਈ ਵਿਚ ਬਸਪਾ ਵਲੋਂ ਵਿੱਢੀ ਗਈ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਆਗੂਆਂ ਦੀ ਮੀ ਟਿੰਗ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ ਕਪਤਾਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਸ. ਲਾਲ ਸਿੰਘ ਸੁਲਹਾਣੀ ਜਰਨਲ ਸਕੱਤਰ ਬਸਪਾ ਪੰਜਾਬ ਤੇ ਸ੍ਰੀ ਓਮ ਪ੍ਰਕਾਸ਼ ਸਰੋਏ ਜਰਨਲ ਸਕੱਤਰ ਬਸਪਾ ਪੰਜਾਬ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਮੀਟਿੰਗ ਪਾਰਟੀ ਗਤੀਵਿਧੀਆਂ ਨੂੰ ਤੇਜ਼ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕਰਨ ਲਈ ਪ੍ਰੋਗਰਾਮ ਉਲੀਕਿਆ ਗਿਆ। ਭਾਰਤੀ ਸੰਵਿਧਾਨ ਦੇ ਨਿਰਮਾਤਾ ਆਧੁਨਿਕ ਭਾਰਤ ਸ਼ਿਲਪਕਾਰ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ ਨਿਰਵਾਣ ਮੌਕੇ ਤੇ 6 ਦਸੰਬਰ ਨੂੰ ਇਸਤ੍ਰੀ ਚੇਤਨਾ ਸਮੇg ਕਰਨ ਦਾ ਫੈਸਲਾ ਕੀਤਾ ਗਿਆ ਤੇ ਉਸਨੂੰ ਕਾਮਯਾਬ ਬਨਾਉਣ ਲਈ ਕਾਰਜ ਕਰਤਾਵਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮ ਦਿਨ ਨੂੰ ਆਰਥਿਕ ਸਹਿਯੋਗ ਦਿਵਸ ਦੇ ਤੌਰ ਤੇ ਮਨਾਉਣ ਲਈ ਫੰਡ ਇਕੱਤਰ ਲਈ ਜ਼ਿਮੇਵਾਰੀਆਂ ਸੌਂਪੀਆਂ ਗਈਆਂ। ਇਸ ਅਵਸਰ ਤੇ ਐਡਵੋਕੇਟ ਮਲਕੀਤ ਸਿੰਘ ਖੋਖਰ ਜ਼ਿਲ੍ਹਾ ਕੋਆਰਡੀਨੇਟਰ, ਹਦਾਇਤ ਵਾਲਮੀਕ ਸੀਨੀਅਰ ਬਸਪਾ ਆਗੂ ਕੁਲਦੀਪ ਸਿੰਘ ਬਰਾੜ ਜ਼ਿਲ੍ਹਾ ਕੋਆਰਡੀਨੇਟਰ, ਸਰਬਣ ਸਿੰਘ ਪੀਰਾਂ ਵਾਲਾ ਹਲਕਾ ਪ੍ਰਧਾਨ ਫਿਰੋਜ਼ਪੁਰ, ਰਾਹੁਲ ਸੋਨੀ ਕੋਆਰਡੀਨੇਟਰ ਬੀ ਵੀ ਐਫ, ਹਾਕਮ ਸਿੰਘ ਪੰਛੀ ਸਕੱਤਰ, ਜਗਦੀਸ਼ ਰਾਣਾ, ਰਾਮ ਲੁਭਾਇਆ, ਜਗਦੀਸ਼ ਸਿੰਘ ਗੋਰਾ, ਜਗਦੀਸ਼ ਜੱਗਾ, ਬੱਲਾ ਮੁੱਦਕੀ ਤੇ ਹੋਰ ਬਸਪਾ ਆਗੂ ਹਾਜ਼ਰ ਸਨ।




# ਨਾਨਕਿਆਣਾ ਚੌਂਕ ਵਿਖੇ ਖੰਡਾ ਸਾਹਿਬ ਸੁਸ਼ੋਭਿਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 20 ਨਵੰਬਰ INTERNATIONAL PAPER, 94636 01616 hardipchumber57@gmail.com

ਸੰਗਰੂਰ,20 ਨਵੰਬਰ (ਜਗਸੀਰ ਸਿੰਘ)- ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਸਨਮੁੱਖ ਨਾਨਕਿਆਣਾ ਚੌਂਕ ਵਿਖੇ ਖੰਡਾ ਸਾਹਿਬ ਸੁਸ਼ੋਭਿਤ ਕੀਤਾ ਗਿਆ ਹੈ, ਜਿਸ ਨੂੰ ਅੱਜ ਹਲਕਾ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਵੱਲੋਂ ਸੰਗਤ ਨੂੰ ਸਮਰਪਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਬੀਤੇ ਦਿਨ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਵਿਖੇ ਅਰਦਾਸ ਉਪਰੰਤ ਹਲਕਾ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਨੇ ਨਾਨਕਿਆਣਾ ਚੌਂਕ ਦੇ ਸੁੰਦਰੀਕਰਨ ਅਤੇ ਖੰਡਾ ਸਾਹਿਬ ਸਥਾਪਤ ਕਰਨ ਦੇ ਕਾਰਜ ਦੀ ਸ਼ੁਰੂਆਤ ਕਰਵਾਈ ਸੀ। ਇਸ ਮੌਕੇ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਸੰਗਰੂਰ ਸ਼ਹਿਰ ਦਾ ਪ੍ਰਸਿੱਧ ਨਾਨਕਿਆਣਾ ਚੌਂਕ ਨੂੰ ਨਵੀਂ ਦਿਖ ਨਾਲ ਸਜਾਇਆ ਗਿਆ ਹੈ ਤੇ ਚੌਂਕ ਵਿੱਚ ਖੰਡਾ ਸਾਹਿਬ ਦੀ ਸਥਾਪਨਾ, ਇਸ ਦਾ ਕੇਂਦਰੀ ਆਕਰਸ਼ਣ ਬਣੀ ਹੈ, ਜੋ ਸੂਰਬੀਰਤਾ, ਸੇਵਾ ਅਤੇ ਨਿਆਂਇਕ ਪਰੰਪਰਾ ਦਾ ਮਜ਼ਬੂਤ ਪ੍ਰਤੀਕ ਹੋਣ ਦੇ ਨਾਲ-ਨਾਲ ਸੰਗਰੂਰ ਦੀ ਧਾਰਮਿਕ ਸਾਂਝ ਨੂੰ ਹੋਰ ਮਜ਼ਬੂਤ ਕਰੇਗੀ।

ਸ਼੍ਰੀਮਤੀ ਭਰਾਜ ਨੇ ਕਿਹਾ ਕਿ ਖੰਡਾ ਸਾਹਿਬ ਦੀ ਸਥਾਪਨਾ ਸੂਰਬੀਰਤਾ ਅਤੇ ਤਿਆਗ ਦੇ ਸੰਦੇਸ਼ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਇੱਕ ਮਹੱਤਵਪੂਰਨ ਪਹਿਲ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਾਜ ਭਰ ਵਿੱਚ ਹੋ ਰਹੀਆਂ ਗਤੀਵਿਧੀਆਂ ਦਾ ਮਕਸਦ ਲੋਕਾਂ ਵਿੱਚ ਮਨੁੱਖਤਾ ਦੇ ਉੱਚ ਆਦਰਸ਼ਾਂ ਨੂੰ ਫੈਲਾਉਣਾ ਹੈ। ਇਸੇ ਤਰ੍ਹਾਂ, ਸੰਗਰੂਰ ਵਿੱਚ ਵੀ ਵੱਖ-ਵੱਖ ਸਮਾਗਮ ਲਗਾਤਾਰ ਕਰਵਾਏ ਜਾ ਰਹੇ ਹਨ। ਚੌਂਕ ਦੇ ਸੁੰਦਰੀਕਰਨ ਪ੍ਰੋਜੈਕਟ ਨੂੰ ਮਨੁੱਖੀ ਜਜ਼ਬੇ ਅਤੇ ਸੇਵਾ ਭਾਵ ਨੂੰ ਸਨਮੁੱਖ ਰੱਖਦਿਆਂ ਤਿਆਰ ਕੀਤਾ ਗਿਆ ਹੈ। ਸਥਾਨਕ ਨਾਗਰਿਕਾਂ ਨੇ ਵੀ ਇਸ ਉਪਰਾਲੇ ਲਈ ਵਿਧਾਇਕ ਦਾ ਧੰਨਵਾਦ ਕੀਤਾ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਵੱਖ ਵੱਖ ਅਹੁਦੇਦਾਰ, ਪਤਵੰਤੇ ਅਤੇ ਵੱਡੀ ਗਿਣਤੀ ਸ਼ਹਿਰ ਵਾਸੀ ਹਾਜ਼ਰ ਸਨ।



# ਸੀ ਪੀ ਆਈ ਐਮ ਐਲ ਵਲੋਂ ਕਾਮਰੇਡ ਸੰਘਾ ਦੀ 33ਵੀਂ ਬਰਸੀ ਮੌਕੇ ਸਿਆਸੀ ਕਾਨਫਰੰਸ, ਲੋਕਾਂ ਨੂੰ ਫਾਸ਼ੀਵਾਦ ਵਿਰੁੱਧ ਡਟਣ ਦਾ ਦਿੱਤਾ ਸੱਦਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 20 ਨਵੰਬਰ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਅੱਜ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ -ਲੈਨਿਨਵਾਦੀ ) ਨਿਊਡੈਮੋਕਰੇਸੀ ਵਲੋਂ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੀ 33ਵੀਂ ਬਰਸੀ ਮੌਕੇ ਪਿੰਡ ਸ਼ਹਾਬ ਪੁਰ ਵਿਖੇ ਸਿਆਸੀ ਕਾਨਫਰੰਸ ਕੀਤੀ ਗਈ।ਇਸ ਮੌਕੇ ਬੁਲਾਰਿਆਂ ਨੇ ਲੋਕਾਂ ਨੂੰ ਮੋਦੀ ਸਰਕਾਰ ਦੇ ਫਾਸ਼ੀਵਾਦ ਵਿਰੁੱਧ ਡਟਣ ਦਾ ਸੱਦਾ ਦਿੱਤਾ।ਕਾਮਰੇਡ ਮਾਸਟਰ ਗਿਆਨ ਸਿੰਘ ਸੰਘਾ ਨੂੰ ਖਾਲਿਸਤਾਨੀ ਤਾਕਤਾਂ ਨੇ 20 ਨਵੰਬਰ1992 ਨੂੰ ਸ਼ਹੀਦ ਕਰ ਦਿੱਤਾ ਸੀ। ਕਾਮਰੇਡ ਸੰਘਾ ਦੀ ਯਾਦਗਾਰ ਉੱਤੇ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਪਾਰਟੀ ਦੇ ਆਗੂ ਕਾਮਰੇਡ ਹਰੀ ਰਾਮ ਰਸੂਲਪੁਰੀ ਵਲੋਂ ਨਿਭਾਈ ਗਈ । ਇਸ ਮੌਕੇ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਸਾਨੂੰ ਸ਼ਹੀਦ ਸਾਥੀ ਸੰਘਾ ਜੀ ਦੇ ਦਰਸਾਏ ਰਾਹ ਉੱਤੇ ਚੱਲਦਿਆਂ ਜਮਾਤੀ ਯੁੱਧ ਨੂੰ ਹੋਰ ਤੇਜ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ।।ਇਸ ਉਪਰੰਤ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੀਨੀਅਰ ਸੂਬਾਈ ਆਗੂਆਂ ਕਾਮਰੇਡ ਅਜਮੇਰ ਸਿੰਘ ਸਮਰਾ , ਕਾਮਰੇਡ ਕੁਲਵਿੰਦਰ ਸਿੰਘ ਵੜੈਚ, ਕਾਮਰੇਡ ਦਲਜੀਤ ਸਿੰਘ ਐਡਵੋਕੇਟ ਨੇ ਆਖਿਆ ਕਿ ਸ਼ਹੀਦ ਸਾਥੀ ਸੰਘਾ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ । ਉਹਨਾਂ ਕਿਹਾ ਕਿ ਦੁਨੀਆਂ ਵਿਚ ਆਰਥਿਕ ਮੰਦਵਾੜਾ ਵਧ ਰਿਹਾ ਹੈ ਜੋ ਕਿ ਸਾਮਰਾਜਵਾਦ ਦਾ ਸੰਕਟ ਹੈ।ਰੂਸ-ਯੂਕਰੇਨ ਜੰਗ ਅਤੇ ਇਸਰਾਇਲ ਵਲੋਂ ਫਲਸਤੀਨ ਦੀ ਤਬਾਹੀ ਸਾਮਰਾਜਵਾਦ ਦੀ ਦੇਣ ਹੈ।ਸਾਮਰਾਜੀ ਤਾਕਤਾਂ ਦੂਸਰੇ ਦੇਸ਼ਾਂ ਨੂੰ ਆਪਣੇ ਹਿੱਤਾਂ ਅਨੁਸਾਰ ਚਲਾਉਣਾ ਚਾਹੁੰਦੀਆਂ ਹਨ।ਉਹਨਾਂ ਕਿਹਾ ਕਿ ਸੰਸਾਰ ਹੁਣ ਅਮਰੀਕਾ ਦੀ ਚੌਧਰ ਵਾਲਾ ਇਕ ਧਰੁੱਵੀ ਸੰਸਾਰ ਨਹੀਂ ਰਿਹਾ।ਉਕਤ ਦੇਸ਼ਾਂ ਦਰਮਿਆਨ ਜੰਗਬੰਦੀ ਕਰਾਉਣ ਵਿਚ ਯੂ.ਐਨ.ਓ ਵੀ ਨਕਾਰਾ ਸਾਬਤ ਹੋਇਆ ਹੈ।ਉਹਨਾਂ ਕਿਹਾ ਕਿ ਅਮਰੀਕਾ ਦੀ ਸ਼ਹਿ ਨਾਲ ਇਜਰਾਇਲ ਫਲਸਤੀਨ ਵਿਚ ਤਬਾਹੀ ਮਚਾ ਰਿਹਾ ਹੈ। ਜਿਸ ਵਿਚ ਬੱਚਿਆਂ, ਔਰਤਾਂ ਅਤੇ ਹੋਰ ਨਾਗਰਿਕਾਂ ਦੀ ਵੱਡੀ ਪੱਧਰ ਉੱਤੇ ਤਬਾਹੀ ਕੀਤੀ ਜਾ ਰਹੀ ਹੈ।ਆਗੂਆਂ ਨੇ ਕਿਹਾ ਕਿ ਜੇਕਰ ਅਸੀਂ ਨਿਗਾਹ ਮਾਰੀਏ ਤਾਂ ਕੇਂਦਰ ਦੀ ਮੋਦੀ ਸਰਕਾਰ ਇਕ ਦੇਸ਼- ਇਕ ਮੰਡੀ ,ਇਕ ਦੇਸ਼- ਇਕ ਟੈਕਸ,ਇਕਭੇਸ਼ ਇਕ ਧਰਮ ਇਕ ਦੇਸ਼-ਇਕ ਬੋਲੀ ਲਾਗੂ ਕਰਕੇ ਦੇਸ਼ ਦੀ ਵੰਨਸੁਵੰਨਤਾ ਖਤਮ ਕਰਨ ਦੇ ਰਾਹ ਤੁਰੀ ਹੋਈ ਹੈ। ਮੋਦੀ ਸਰਕਾਰ ਦੇ ਰਾਜ ਕਰਨ ਦੇ ਤਰੀਕੇ ਆਮ ਨਹੀਂ ਖਾਸ ਹਨ ,ਤਾਕਤ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਜਿਸ ਕਾਰਨ ਸੂਬਿਆਂ ਦੇ ਹੱਕਾਂ ਉੱਤੇ ਸੱਟ ਮਾਰੀ ਜਾ ਰਹੀ ਹੈ । ਘੱਟ ਗਿਣਤੀਆਂ ਖਾਸਕਰ ਮੁਸਲਮਾਨਾਂ ਖਿਲਾਫ ਨਫਰਤ ਫੈਲਾਈ ਜਾ ਰਹੀ ਹੈ ।ਨਵੀਂ ਕਿਸਮ ਦਾ ਕੌਮਵਾਦ ਉਭਾਰਿਆ ਜਾ ਰਿਹਾ ਹੈ ।ਨਵੀਂ ਵਿਦਿਆ ਨੀਤੀ ਰਾਹੀਂ ਸਿਰਫ ਇਕ ਵਿਚਾਰ ਲੈਕੇ ਆਂਦਾ ਜਾ ਰਿਹਾ । ਉਹਨਾਂ ਕਿਹਾ ਕਿ ਮੋਦੀ ਸਰਕਾਰ ਹਰ ਵਿਰੋਧੀ ਵਿਚਾਰਾਂ ਨੂੰ ਕੁਚਲਣ ਦੇ ਰਾਹ ਪੈ ਗਈ ਹੈ,ਪ੍ਰੈਸ ਦੀ ਆਜਾਦੀ ਨੂੰ ਕੁਚਲ ਰਹੀ ਹੈ। ਮੋਦੀ ਸਰਕਾਰ ਸਜਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾ ਨਹੀਂ ਕਰ ਰਹੀ ,ਮੋਦੀ ਸਰਕਾਰ ਦੇ ਵਿਰੋਧ ਵਿੱਚ ਜੋ ਵੀ ਆਵਾਜ਼ ਉਠਾਉਂਦਾ ਹੈ ਉਹਨਾਂ ਉੱਤੇ ਝੂਠੇ ਪੁਲਿਸ ਕੇਸ ਮੜ ਕੇ ਉਹਨਾਂ ਨੂੰ ਜੇਲਾਂ ਅੰਦਰ ਸੁੱਟ ਦਿੱਤਾ ਜਾਂਦਾ ਹੈ। ਕਿੰਨੇ ਹੀ ਅਜਿਹੇ ਕਾਰਕੁਨ,ਵਕੀਲ ਪੱਤਰਕਾਰ, ਲੇਖਕ, ਕਵੀ ਮੋਦੀ ਸਰਕਾਰ ਨੇ ਜੇਲਾਂ ਵਿੱਚ ਬੰਦ ਕੀਤੇ ਹੋਏ ਹਨ।।ਇਸ ਸਰਕਾਰ ਦੇ ਫਾਸ਼ੀ ਹੱਲੇ ਤੇਜੀ ਨਾਲ ਵਧ ਰਹੇ ਹਨ। ਮੋਦੀ ਸਰਕਾਰ ਦੇਸੀ ਅਤੇ ਵਿਦੇਸ਼ੀ ਕਾਰਪੋਰੇਟਰਾਂ ਦੇ ਹਿੱਤ ਪੂਰਦੀਆਂ ਆਰਥਿਕ ਅਤੇ ਵਿੱਤੀ ਨੀਤੀਆਂ ਲਾਗੂ ਕਰ ਰਹੀ ਹੈ । ਫੈਡਰਲਇਜਮ ਤੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਵਿਚ ਬੀ ਐਸ ਐਫ ਦੇ ਅਧਿਕਾਰਾਂ ਦਾ ਘੇਰਾ ਵਧਾ ਕੇ, ਪੰਜਾਬ ਯੂਨੀਵਰਸਿਟੀ ਦੀ ਸੈਨਟ ਭੰਗ ਕਰਕੇ, ਡੈਮ ਸੇਫਟੀ ਐਕਟ ਰਾਹੀਂ ਪੰਜਾਬ ਦੇ ਦਰਿਆਈ ਪਾਣੀਆਂ ਤੇ ਡਾਕਾ ਮਾਰ ਕੇ ਮੋਦੀ ਸਰਕਾਰ ਪੰਜਾਬ ਦੇ ਅਧਿਕਾਰਾਂ ਦਾ ਹਨਨ ਕਰ ਰਹੀ ਹੈ।ਉਹਨਾਂ ਕਿਹਾ ਕਿ ਲੋਕ ਸੰਘਰਸ਼ਾਂ ਨੂੰ ਮੋਦੀ ਸਰਕਾਰ ਦੇ ਫਾਸ਼ੀਵਾਦੀ ਹੱਲੇ ਵਿਰੁੱਧ ਸੇਧਤ ਕਰਨਾ ਚਾਹੀਦਾ ਹੈ । ਆਗੂਆਂ ਨੇ ਆਖਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਗੂੰ ਨਿਕੰਮੀ ਸਾਬਤ ਹੋਈ ਹੈ।ਇਸ ਸਰਕਾਰ ਵੱਲੋਂ ਕੁਝ ਵੀ ਅਜਿਹਾ ਨਹੀਂ ਕੀਤਾ ਗਿਆ ਜਿਸ ਉੱਤੇ ਪੰਜਾਬ ਦੇ ਲੋਕ ਮਾਣ ਮਹਿਸੂਸ ਕਰ ਸਕਣ।ਉਹਨਾਂ ਕਿਹਾ ਕਿ ਦੇਸ਼ ਦੀ ਤਸਵੀਰ ਨਕਸਲਬਾੜੀ ਦੇ ਰਾਹ ਉੱਤੇ ਚੱਲਦਿਆਂ ਨਵਜਮਹੂਰੀ ਇਨਕਲਾਬ ਕਰਕੇ ਹੀ ਬਦਲ ਸਕਦੀ ਹੈ ,ਇਹੀ ਰਾਹ ਹੈ ਜੋ ਸਾਥੀ ਸੰਘਾ ਨੇ ਸਾਨੂੰ ਦਿਖਾਇਆ ਹੈ ।ਸਾਨੂੰ ਇਸ ਲੁੱਟ ਅਧਾਰਤ ਪ੍ਰਬੰਧ ਨੂੰ ਬਦਲਣ ਦੇ ਯਤਨ ਤੇਜ਼ ਕਰਨੇ ਚਾਹੀਦੇ ਹਨ।

ਇਸ ਮੌਕੇ ਸੀਪੀ ਆਈ ਐਮ ਐਲ ਵੱਲੋਂ ਸ਼ਹੀਦੀ ਯਾਦਗਾਰ ਕਮੇਟੀ ਵੱਲੋਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਬਿੱਕਰ ਸਿੰਘ ਹਥੋਆ ਨੂੰ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਬੀਬੀ ਸੱਤਿਆ ਤੇ ਸੰਘਰਸ਼ਾਂ ਵਿੱਚ ਭੈਣ ਗੁਰਬਖਸ਼ ਕੌਰ ਸੰਘਾ ਦਾ ਸਾਥ ਦੇਣ ਵਾਲੀ ਪਿੰਡ ਸ਼ਹਾਬਪੁਰ ਦੀ ਬੀਬੀ ਸੱਤਿਆ ਦੇਵੀ ਨੂੰ ਕਾਮਰੇਡ ਗੁਰਬਾਕਸ਼ ਕੌਰ ਸੰਘਾ ਯਾਦਗਾਰੀ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਇਸਤਰੀ ਜਾਗਰਤੀ ਮੰਚ ਵੱਲੋਂ ਭੈਣ ਗੁਰਬਖਸ਼ ਕੌਰ ਸੰਘਾ ਦੇ ਜੀਵਨ ਅਤੇ ਸੰਘਰਸ਼ਾਂ ਤੇ ਛਾਪੀ ਗਈ ਪੁਸਤਕ ਵੀ ਰਿਲੀਜ਼ ਕੀਤੀ ਗਈ

ਇਸ ਮੌਕੇ ਆਜ਼ਾਦ ਕਲਾ ਮੰਚ ਫਗਵਾੜਾ ਦੀ ਨਾਟਕ ਟੀਮ ਵਲੋਂ ਇਨਕਲਾਬੀ ਮੇਰੇ ਖਿਆਲ ਕੋਰੀਓਗਰਾਫੀਆਂ ਪੇਸ਼ ਕੀਤੀਆਂ ਗਈਆਂ। ਪ੍ਰੋਗਰਾਮ ਦੇ ਅੰਤ ਵਿੱਚ ਬਲਵੀਰ ਸਿੰਘ ਸੰਘਾ ਨੇ ਸਾਰਿਆਂ ਦਾ ਧੰਨਵਾਦ ਕੀਤਾ।। ਮੰਚ ਸੰਚਾਲਨਾ ਕਾਮਰੇਡ ਅਵਤਾਰ ਸਿੰਘ ਤਾਰੀ ਨੇ ਕੀਤੀ।






ਕੈਪਸ਼ਨ: ਸ਼ਹੀਦ ਮਾਸਟਰ ਗਿਆਨ ਸਿੰਘ ਦੀ 33ਵੀਂ ਬਰਸੀ ਮੌਕੇ ਕੀਤੀ ਗਈ ਸਿਆਸੀ ਕਾਨਫਰੰਸ ਦੀਆਂ ਝਲਕੀਆਂ।

# ਹਰਿੰਦਰ ਸਿੰਘ ਮਾਨਸ਼ਾਹੀਆ ਪ੍ਰਧਾਨ, ਹਰਦੀਪ ਸਿੰਘ ਸਿੱਧੂ ਮੁੜ ਜਨਰਲ ਸਕੱਤਰ ਚੁਣੇ ਗਏ

## ਸਭਿਆਚਾਰ ਚੇਤਨਾ ਮੰਚ ਮਾਨਸਾ ਦੀ ਸਰਬਸੰਮਤੀ ਨਾਲ ਹੋਈ ਚੋਣ

"Equality and justice" Patiala 20 November
INTERNATIONAL PAPER, 94636 01616
hardipchumber57@gmail.com



ਮਾਨਸਾ 18 ਨਵੰਬਰ: ਸਭਿਆਚਾਰ ਚੇਤਨਾ ਮੰਚ ਮਾਨਸਾ ਦੀ ਸਰਬਸੰਮਤੀ ਨਾਲ ਹੋਈ ਚੋਣ ਦੌਰਾਨ ਹਰਿੰਦਰ ਸਿੰਘ ਮਾਨਸ਼ਾਹੀਆ ਪ੍ਰਧਾਨ,ਹਰਦੀਪ ਸਿੰਘ ਸਿੱਧੂ ਜਨਰਲ ਸਕੱਤਰ , ਪ੍ਰਿਤਪਾਲ ਸਿੰਘ ਮੁੜ ਵਿੱਤ ਸਕੱਤਰ ਚੁਣੇ ਗਏ। ਮੰਚ ਵੱਲੋਂ ਜਨਵਰੀ ਮਹੀਨੇ ਧੀਆਂ ਨੂੰ ਸਮਰਪਿਤ ਲੋਹੜੀ ਮੇਲਾ ਕਰਵਾਉਣ ਦਾ ਫੈਸਲਾ ਕੀਤਾ ਹੈ। ਮੰਚ ਦੇ ਜਨਰਲ ਸਕੱਤਰ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਸਭਿਆਚਾਰ ਚੇਤਨਾ ਮੰਚ ਮਾਨਸਾ ਵੱਲੋਂ ਪਿਛਲੇ ਦੋ ਦਹਾਕਿਆਂ ਤੋਂ ਧੀਆਂ ਨੂੰ ਸਮਰਪਿਤ ਲੋਹੜੀ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਵਾਰ ਇਹ ਮੇਲਾ ਜਨਵਰੀ ਮਹੀਨੇ ਦੇ ਪਹਿਲੇ ਹਫਤੇ ਕਰਵਾਇਆ ਜਾ ਰਿਹਾ ਹੈ,ਜਿਸ ਦੀਆਂ ਤਾਰੀਖਾਂ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਲੋਹੜੀ ਮੇਲੇ ਦੌਰਾਨ ਵੱਖ-ਵੱਖ ਖੇਤਰਾਂ ਵਿਚੋਂ ਮੋਹਰੀ ਪ੍ਰਾਪਤੀਆਂ ਕਰਨ ਵਾਲੀਆਂ ਮਾਨਸਾ ਜ਼ਿਲ੍ਹੇ ਦੀਆਂ 21 ਹੋਣਹਾਰ ਧੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਹੁਣ ਤੱਕ 1000 ਤੋਂ ਵੱਧ ਹੋਣਹਾਰ ਧੀਆਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ, ਇਨ੍ਹਾਂ ਹੋਣਹਾਰ ਧੀਆਂ ਤੋਂ ਹੋਰਨਾਂ ਲੜਕੀਆਂ ਨੂੰ ਵੀ ਆਪਣੇ ਖੇਤਰਾਂ ਚ ਚੰਗਾ ਨਾਮਣਾ ਖੱਟਣ ਲਈ ਉਤਸ਼ਾਹ ਮਿਲਦਾ ਹੈ।

ਮੰਚ ਦੇ ਮੁੜ ਪ੍ਰਧਾਨ ਬਣੇ ਹਰਿੰਦਰ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਪਿਛਲੇ ਦੋ ਦਹਾਕਿਆਂ ਤੋਂ ਲੋਹੜੀ ਮੇਲੇ ਦੌਰਾਨ ਵੱਖ-ਵੱਖ ਖੇਤਰਾਂ ਨਾਲ ਸਬੰਧਤ ਸਖਸ਼ੀਅਤਾਂ ਵੀ ਵਿਸ਼ੇਸ਼ ਸ਼ਿਰਕਤ ਕਰਦੀਆਂ ਰਹੀਆਂ ਹਨ, ਜਿਨ੍ਹਾਂ ਦੇ ਉਤਸ਼ਾਹ ਪੂਰਵਕ ਵਿਚਾਰ ਸਭਨਾਂ ਲਈ ਪ੍ਰੇਰਣਾ ਬਣਦੇ ਹਨ। ਉਨ੍ਹਾਂ ਦੱਸਿਆ ਕਿ ਮੰਚ ਮੈਂਬਰ ਕੁਦਰਤੀ ਆਫ਼ਤਾਂ ਵੇਲੇ ਜਾਂ ਸਮੇਂ ਸਮੇਂ ਲੋੜਵੰਦ ਪਰਿਵਾਰਾਂ, ਲੋੜਵੰਦ ਵਿਦਿਆਰਥੀਆਂ ਦੀ ਮੱਦਦ ਲਈ ਕਾਰਜ ਕਰਦੇ ਰਹਿੰਦੇ ਹਨ। ਸਾਰੇ ਹੀ ਮੈਂਬਰ ਸਮਰਪਿਤ ਹੋ ਕੇ ਹਰ ਕਾਰਜ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹਨ।

ਮੰਚ ਦੀ ਚੋਣ ਮੌਕੇ ਮੰਚ ਦੇ ਸੀਨੀਅਰ ਆਗੂ ਬਲਰਾਜ ਨੰਗਲ,ਰਾਜ ਜੋਸ਼ੀ, ਬਲਜਿੰਦਰ ਸੰਗੀਲਾ,ਕੇਵਲ ਸਿੰਘ, ਜਗਸੀਰ ਸਿੰਘ ਢਿਲੋਂ,ਹਰਜੀਵਨ ਸਿੰਘ ਸਰਾਂ ਹਾਜ਼ਰ ਸਨ, ਜਿੰਨਾਂ ਨੇ ਲੋਹੜੀ ਮੇਲੇ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਮਨਾਉਣ ਲਈ ਆਪਣੇ ਬਹੁਮੁੱਲੇ ਸੁਝਾਅ ਪੇਸ਼ ਕੀਤੇ।

# ਏ ਐਸ ਐਸ ਏ, ਈ ਜੀ-2 ਅਤੇ ਜੇ ਪੀ ਏ ਯੂਨੀਅਨ ਵੱਲੋਂ ਨਿਯੁਕਤੀ ਪੱਤਰ ਨਾ ਦੇਣ ਦੇ ਰੋਸ 'ਚ ਧਰਨਾ

## ਪਹਿਲੇ ਧਰਨੇ ਦਾ ਨਤੀਜਾ ਰਿਹਾ ਪਾਜ਼ਿਟਿਵ, ਹੋਈ ਮੀਟਿੰਗ, 15 ਦਿਨਾਂ ਚ ਪੈਨਲ ਬਣਾ ਕੇ ਨਿਯੁਕਤੀ ਪੱਤਰ ਮਿਲਣ ਦਾ ਮਿਲਿਆ ਭਰੋਸਾ

"Equality and justice" Patiala 20 November
INTERNATIONAL PAPER, 94636 01616
hardipchumber57@gmail.com



ਪਟਿਆਲਾ 19 ਨਵੰਬਰ ( ) ਏ ਐਸ ਐਸ ਏ, ਈ ਜੀ-2 ਅਤੇ ਜੇ ਪੀ ਏ ਯੂਨੀਅਨ ਦੇ ਬੇਰੁਜਗਾਰ ਉਮੀਦਵਾਰਾਂ ਵੱਲੋਂ ਨਿਯੁਕਤੀ ਪੱਤਰ ਨਾ ਦੇਣ ਦੇ ਰੋਸ 'ਚ ਅੱਜ ਬਿਜਲੀ ਨਿਗਮ ਅਤੇ ਸਰਕਾਰ ਖਿਲਾਫ ਪਟਿਆਲਾ ਮੁੱਖ ਦਫਤਰ ਅੱਗੇ ਜ਼ਬਰਦਸਤ ਸੂਬਾ ਪੱਧਰੀ ਧਰਨਾ ਦਿੱਤਾ ਗਿਆ। ਜਿਸਦਾ ਪ੍ਰਭਾਵ ਇਹ ਗਿਆ ਕਿ ਧਰਨਾਕਾਰੀਆਂ ਨਾਲ ਜਿੱਥੇ ਮੁੱਖ ਇੰਜੀਨਿਅਰ ਐੱਚ ਆਰ ਡੀ ਸ਼੍ਰੀ ਗਗਨ ਕੋਕ੍ਰਿਆ ਨੇ ਮੀਟਿੰਗ ਕੀਤੀ ਉਥੇ ਹੀ ਉਸੇ ਮੀਟਿੰਗ ਚ ਧਰਨਾਕਾਰੀਆਂ ਨੂੰ 15 ਦਿਨਾਂ ਚ ਫੈਸਲਾ ਲੈਂਦਿਆਂ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਜਾਣਗੇ। ਜਿਸ ਬਾਰੇ ਜਾਣਕਾਰੀ ਦਿੰਦਿਆਂ ਪ੍ਰਧਾਨ ਅਮਰਜੋਤ ਸਿੰਘ ਨੇ ਦੱਸਿਆ ਕਿ ਮੀਟਿੰਗ ਦੌਰਾਨ ਮੁੱਖ ਇੰਜੀਨਿਅਰ ਐੱਚ ਆਰ ਡੀ ਸ਼੍ਰੀ ਗਗਨ ਕੋਕ੍ਰਿਆ ਨੇ ਅੱਜ ਦੀ ਮੀਟਿੰਗ ਵਿੱਚ ਜ਼ੋ ਭਰੋਸਾ ਦਿੱਤਾ ਗਿਆ ਹੈ ਜੇਕਰ ਉਸ ਨੂੰ ਅਮਲੀ ਜਾਮਾ ਪਹਿਨਾ ਕੇ ਸਾਡੇ ਨਿਯੁਕਤੀ ਪੱਤਰ ਜਾਰੀ ਨਾ ਕੀਤਾ ਗਿਆ ਤਾਂ ਸਾਡੇ ਵੱਲੋਂ ਅੱਜ ਮੁਲਤਵੀ ਕੀਤਾ ਗਿਆ ਧਰਨਾ ਮੁੜ ਲਗਾ ਦਿੱਤਾ ਜਾਵੇਗਾ। ਨਿਯੁਕਤੀ ਪੱਤਰ ਨਾ ਮਿਲਣ ਕਾਰਨ ਸਾਡੇ ਸਾਥੀਆਂ ਚ ਬਹੁਤ ਨਿਰਾਸ਼ਾ ਹੈ ਅਤੇ ਉਹ ਪ੍ਰੇਸ਼ਾਨੀ ਚ ਤਿੱਖਾ ਸੰਘਰਸ਼ ਵਿੱਢਣ ਤੋਂ ਗੁਰੇਜ ਨਹੀਂ ਕਰਨਗੇ। ਹੋਰਨਾਂ ਆਗੂਆਂ ਨੇ ਦੱਸਿਆ ਕਿ ਪੀ.ਐਸ.ਪੀ.ਸੀ.ਐਲ ਵੱਲੋਂ ਏ ਐਸ ਐਸ ਏ, ਈ ਜੀ-2 ਅਤੇ ਜੇ ਪੀ ਏ ਅਸਾਮੀਆਂ ਦੀ ਸਿੱਧੀ ਭਰਤੀ ਸੀ ਆਰ ਏ 305/24 ਅਤੇ 306/24 ਤਹਿਤ ਮਾਰਚ 2024 ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ। ਇਹਨਾ ਅਸਾਮੀਆਂ ਦਾ ਪੇਪਰ ਲਗਭਗ 1 ਸਾਲ ਬਾਅਦ 11,12 ਅਤੇ 13 ਜੂਨ 2025 ਨੂੰ ਲਿਆ ਗਿਆ ਸੀ। ਮਹਿਕਮੇ ਵੱਲੋਂ ਇਹਨਾ ਅਸਾਮੀਆਂ ਦਾ ਨਤੀਜਾ ਜਾਰੀ ਕਰਕੇ ਦਸਤਾਵੇਜ ਚੈਕਿੰਗ ਵੀ ਕਰਵਾ ਲਈ ਗਈ ਹੈ ਅਤੇ ਦਸਤਾਵੇਜ ਚੈਕਿੰਗ ਹੋਈ ਨੂੰ ਅੱਜ 2 ਮਹੀਨਿਆ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ ਪਰ ਮਹਿਕਮੇ ਵੱਲੋਂ ਇਹਨਾ ਅਸਾਮੀਆਂ ਦੀ ਜੋਆਇਨਿੰਗ ਦੀ ਅਜੇ ਤਕ ਕੋਈ ਜਾਣਕਾਰੀ ਉਮੀਦਵਾਰਾਂ ਨਾਲ ਸਾਂਝੀ ਨਹੀਂ ਕੀਤੀ ਗਈ। ਜਦਕਿ ਇਸਤੋਂ ਬਾਅਦ ਨਿਕਲੀਆਂ ਸੀ ਆਰ ਏ ਦੇ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਤੱਕ ਜਾਰੀ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਵਿੱਖ ਚ ਕੀਤੇ ਸੰਘਰਸ਼ ਚ ਹੋਏ ਨਫੇ ਨੁਕਸਾਨ ਦੀ ਜਿੰਮੇਵਾਰ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਹੋਵੇਗੀ। ਇਸ ਮੌਕੇ ਅਮਰਜੋਤ ਸਿੰਘ (ਪ੍ਰਧਾਨ) 9115650500, ਅਕਸ਼ਪ੍ਰਿਤ ਸਿੰਘ (ਮੀਤ ਪ੍ਰਧਾਨ) 9464457757, ਗੁਰਨਾਮ ਸਿੰਘ (ਸਕੱਤਰ) 89685001241, ਜਗਜੀਤ ਸਿੰਘ (ਮੀਤ ਸਕੱਤਰ) 9781910257 ਅਜੇ ਬਤਰਾ (ਕੈਸ਼ੀਅਰ) 9872920665 ਅਤੇ ਵੱਡੀ ਗਿਣਤੀ ਵਿੱਚ ਧਰਨਾਕਾਰੀ ਹਾਜਰ ਸਨ।

# ਕਸਬਾ ਲੌਂਗੋਵਾਲ ਵਿਖੇ ਅੱਖਾਂ ਦਾ ਮੁਫ਼ਤ ਕੈਂਪ ਅੱਜ - ਕਮਲਜੀਤ ਸਿੰਘ ਵਿੱਕੀ

"Equality and justice" Patiala 20 November
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,20 ਨਵੰਬਰ (ਜਗਸੀਰ ਸਿੰਘ)- ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸਾਲਾਂ ਸ਼ਹੀਦੀ ਦਿਵਸ ਅਤੇ ਲੌਂਗੋਵਾਲ ਦੇ ਸ਼ਹੀਦ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਿਤ ਅੱਖਾਂ ਦਾ ਮੁਫ਼ਤ ਚੈੱਕ ਅੱਪ ਅਤੇ ਅਪ੍ਰੇਸ਼ਨ ਕੈਂਪ, ਗੁਰਦੁਵਾਰਾ ਢਾਬ ਬਾਬਾ ਆਲਾ ਸਿੰਘ ਜੀ ਨੇੜੇ ਡਰੇਨ ਦਾ ਪੁਲ ਲੌਂਗੋਵਾਲ ਵਿਖ਼ੇ ਲਗਾਇਆ ਜਾ ਰਿਹਾ ਹੈ। ਬਾਬਾ ਫਰੀਦ ਸੰਸਥਾ ਦੇ ਪ੍ਰਧਾਨ ਕਮਲਜੀਤ ਸਿੰਘ ਵਿੱਕੀ ਨੇ ਜਾਣਕਾਰੀ ਸਾਂਝੀ



ਕਰਦੇ ਹੋਏ ਦਸਿਆ ਕਿ ਡਾਕਟਰ ਪਰਮਜੀਤ ਸਿੰਘ ਸੰਗਰੂਰ ਵੱਲੋਂ ਮਰੀਜਾਂ ਦੇ ਅੱਪ੍ਰੇਸ਼ਨ ਕੀਤੇ ਜਾਣਗੇ। ਇਹ ਕੈਂਪ ਯੋਗੇਸ਼ ਭਾਟੀਆ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿਚ ਲੌਂਗੋਵਾਲ ਦੀਆਂ ਵੱਖਰੀ-ਵੱਖਰੀ ਸੰਸਥਾਵਾਂ ਦਾ ਅਹਿਮ ਯੋਗਦਾਨ ਹੈ, ਜਿਨ੍ਹਾਂ ਵਿੱਚ ਬਾਬਾ ਫ਼ਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਈਟੀ ਲੌਂਗੋਵਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਢਾਬ ਬਾਬਾ ਆਲਾ ਸਿੰਘ ਜੀ ਲੌਂਗੋਵਾਲ, ਸਾਹਿਬਜ਼ਾਦਿਆਂ ਬਾਬਾ ਫਤਿਹ ਸਿੰਘ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਲੌਂਗੋਵਾਲ, ਉੱਨਤ ਭਾਰਤ ਅਭਿਆਨ ਸਲਾਈਟ, ਹਰਿ ਹਰਿ ਹਸਪਤਾਲ ਲੌਂਗੋਵਾਲ, ਬਰਾਸ਼ ਫਾਊਂਡੇਸ਼ਨ, ਸੰਗਰਾਮੀ ਕਲਾ ਕੇਂਦਰ ਸ਼ਹੀਦ ਊਧਮ ਸਿੰਘ ਵਾਲਾ, ਪਾਵਣਯੋਗ ਮੇਕ ਬੈਟਰ ਫਾਊਂਡੇਸ਼ਨ ਸੰਗਰੂਰ ਸ਼ਾਮਿਲ ਹਨ ।

# ਸ਼ਤਾਬਦੀ ਯਾਤਰਾ ਦੇ ਰੂਟ ‘ਤੇ 21 ਨੂੰ ਸਬ-ਡਵੀਜ਼ਨ ਕਪੂਰਥਲਾ ਅਤੇ 22 ਨੂੰ ਫਗਵਾੜਾ ਵਿਚ ਮੀਟ/ਮੱਛੀ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ

“Equality and justice”
Patiala 20 November
INTERNATIONAL PAPER, 94636 01616
hardipchumber57@gmail.com

ਫਗਵਾੜਾ (ਸ਼ਿਵ ਕੌੜਾ) ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੱਢੀ ਜਾ ਰਹੀ ਸ਼ਤਾਬਦੀ ਯਾਤਰਾ ਦੇ ਰੂਟ ‘ਤੇ ਮੀਟ/ਮੱਛੀ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ ਜ਼ਿਲ੍ਹਾ ਮੈਜਿਸਟਰੇਟ ਅਮਿਤ ਕੁਮਾਰ ਪੰਚਾਲ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 ਦੀ ਧਾਰਾ 163 ਅਤੇ ਪੰਜਾਬ ਲਿਕਰ ਲਾਇਸੈਂਸ ਰੂਲਜ਼ ਦੇ ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਨ੍ਹਾਂ ਹੁਕਮਾਂ ਨੂੰ ਜਾਰੀ ਕੀਤਾ ਗਿਆ ਹੈ। ਜਾਰੀ ਹੁਕਮਾਂ ਅਨੁਸਾਰ 21 ਨਵੰਬਰ 2025 ਨੂੰ ਸਬ-ਡਵੀਜ਼ਨ ਕਪੂਰਥਲਾ ਅਤੇ 22 ਨਵੰਬਰ 2025 ਨੂੰ ਸਬ-ਡਵੀਜ਼ਨ ਫਗਵਾੜਾ ਵਿਖੇ ਸ਼ਹੀਦੀ ਯਾਤਰਾ ਦੌਰਾਨ ਦੇ ਰੂਟ ‘ਮੀਟ/ਮੱਛੀ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ ਜਾਰੀ ਹੁਕਮਾਂ ਵਿਚ ਦੱਸਿਆ ਗਿਆ ਹੈ ਕਿ ਜ਼ਿਲ੍ਹਾ ਕਪੂਰਥਲਾ ਵਿਚ 21 ਨਵੰਬਰ ਨੂੰ ਮੁੰਡ ਮੋੜ ਤੋਂ ਹੁੰਦੀ ਹੋਈ ਪਿੰਡ ਉੱਚਾ, ਪ੍ਰਵੇਜ ਨਗਰ,ਬੱਸ ਸਟੈਂਡ ਤੋਂ ਕਰਤਾਰਪੁਰ ਰੋਡ ਹੁੰਦੇ ਹੋਏ ਕਰਤਾਰਪੁਰ ਪਹੁੰਚੇਗੀ ਅਤੇ 22 ਨਵੰਬਰ ਨੂੰ ਜ਼ਿਲ੍ਹਾ ਜਲੰਧਰ ਤੋਂ ਫਗਵਾੜਾ ਵਿਚੋਂ ਲੰਘਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਪਹੁੰਚੇਗੀ। ਇਸ ਲਈ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ



ਰੱਖਦੇ ਹੋਏ ਅਮਨ ਅਤੇ ਕਾਨੂੰਨ ਦੀ ਸਥਿਤੀ ਬਹਾਲ ਰੱਖਣ ਲਈ ਜ਼ਿਲ੍ਹਾ ਕਪੂਰਥਲਾ ਵਿਚ ਨਗਰ ਕੀਰਤਨ ਦੇ ਰੂਟ ਤੇ ਪੈਂਦੀਆਂ ਮੀਟ/ਮੱਛੀ ਅਤੇ ਸ਼ਰਾਬ ਦੀਆਂ ਸਾਰੀਆਂ ਦੁਕਾਨਾਂ ਬੰਦ ਕਰਨੀਆਂ ਜ਼ਰੂਰੀ ਹਨ।

# ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਪਰਾਲੀ ਪ੍ਰਬੰਧਨ ਪ੍ਰੋਜੈਕਟ ਅਧੀਨ ਪਿੰਡ ਹਰਿਆਊ ਵਿਖੇ ਜਾਗਰੂਕਤਾ ਕੈਂਪ ਲਗਾਇਆ

“Equality and justice”
Patiala 20 November
INTERNATIONAL PAPER, 94636 01616
hardipchumber57@gmail.com

ਲ ਹਿ ਰਾ ਗਾ ਗਾ , 2 0 ਨਵੰਬਰ (ਜਗਸੀਰ ਸਿੰਘ) - ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਸਾਂਭਣ ਦੀਆਂ ਵੱਖ-ਵੱਖ ਤਕਨੀਕਾਂ ਅਤੇ ਕਣਕ ਦੀ ਫ਼ਸਲ ਦੇ ਸੁਚੱਜੇ ਪ੍ਰਬੰਧਨ ਸੰਬੰਧੀ ਕਿਸਾਨ ਜਾਗਰੂਕਤਾ ਕੈਂਪ ਪਿੰਡ ਹਰਿਆਊ, ਬਲਾਕ ਲਹਿਰਾਗਾਗਾ ਵਿਖੇ ਲਗਾਇਆ ਗਿਆ। ਜਿਸ ਵਿੱਚ 54 ਕਿਸਾਨਾਂ ਦੇ ਭਾਗ ਲਿਆ। ਇਸ ਕੈਂਪ ਮੌਕੇ ਡਾ. ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਖੇਤ ਵਿੱਚ ਸਾਂਭਣ ਵਾਲੀਆਂ ਤਕਨੀਕਾਂ ਅਪਣਾਉਣ ਲਈ ਪ੍ਰੇਰਿਤ




ਕੀਤਾ।ਉਹਨਾਂ ਪਰਾਲੀ ਪ੍ਰਬੰਧਨ ਵਿੱਚ ਕਿਸਾਨਾਂ ਨੂੰ ਦਰਪੇਸ਼ ਆ ਰਹੀਆਂ ਦਿੱਕਤਾਂ ਅਤੇ ਸ਼ੰਕਿਆਂ ਬਾਬਤ ਵਿਗਿਆਨਕ ਹੱਲ ਵੀ ਸਾਂਝੇ ਕੀਤੇ। ਇਸ ਤੋਂ ਇਲਾਵਾ ਉਹਨਾਂ ਕਿਸਾਨਾਂ ਨੂੰ ਕਣਕ ਦੀਆਂ ਵਿਸ਼ੇਸ਼ ਗੁਣਵੱਤਾ ਵਾਲੀਆਂ ਕਿਸਮਾਂ ਬਾਰੇ ਵੀ ਜਾਣਕਾਰੀ ਦਿੱਤੀ।

ਡਾ. ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰਿੰਗ) ਨੇ ਪਰਾਲੀ ਪ੍ਰਬੰਧਨ ਵਾਲੀ ਖੇਤੀ ਮਸ਼ੀਨਰੀ ਦੀ ਸੁਚੱਜੀ ਵਰਤੋਂ ਕਰਨ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਕਿਸਾਨ ਵੀਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਤਕਨੀਕਾਂ ‘ਚੋਂ ਕੋਈ ਵੀ ਤਕਨੀਕ ਅਪਣਾ ਕੇ ਪਰਾਲੀ ਨੂੰ ਖੇਤ ਵਿੱਚ ਹੀ ਸੰਭਾਲ ਸਕਦੇ ਹਨ।ਡਾ. ਰੁਕਿੰਦਰ ਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਕਿਸਾਨਾਂ ਨਾਲ ਕਣਕ ਵਿੱਚ ਨਦੀਨ ਪ੍ਰਬੰਧਨ ਅਤੇ ਖਾਦਾਂ ਦੀ ਸੁਚੱਜੀ ਵਰਤੋਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਸਾਨਾਂ ਨੂੰ ਕਣਕ ਦੀ ਬਿਜਾਈ ਮੌਕੇ, ਪਹਿਲੀ ਸਿੰਚਾਈ ਤੋਂ ਪਹਿਲਾਂ ਅਤੇ ਪਹਿਲੀ ਸਿੰਚਾਈ ਤੋਂ ਬਾਅਦ ਵਿੱਚ ਵਰਤੇ ਜਾਣ ਵਾਲੇ ਨਦੀਨਨਾਸ਼ਕਾਂ ਬਾਰੇ ਬਹੁਤ ਵਿਸਥਾਰ ਵਿੱਚ ਦੱਸਿਆ। ਇਸ ਤੋਂ ਇਲਾਵਾ ਉਹਨਾਂ ਨੇ ਕਣਕ ਦੀ ਫਸਲ ਵਿੱਚ ਆਉਣ ਵਾਲੇ ਲਘੂ ਤੱਤਾਂ ਦੀ ਘਾਟ ਅਤੇ ਇਹਨਾਂ ਦੀ ਪੂਰਤੀ ਸੰਬੰਧੀ ਵੀ ਜਾਣਕਾਰੀ ਦਿੱਤੀ। ਇਸ ਮੌਕੇ ਕਿਸਾਨਾਂ ਨੂੰ ਪੀ.ਏ.ਯੂ. ਦਾ ਖੇਤੀ ਸਾਹਿਤ ਅਤੇ ਕਣਕ ਦੀ ਵਿਸ਼ੇਸ਼ ਗੁਣਵੱਤਾ ਵਾਲੀ ਕਿਸਮ ਪੀ ਬੀ ਡਬਲਯੂ ਜ਼ਿੰਕ 2 ਦੀਆਂ ਪ੍ਰਦਰਸ਼ਨੀਆਂ ਵੀ ਵੰਡੀਆਂ ਗਈਆਂ। ਕਿਸਾਨਾਂ ਵੱਲੋਂ ਪੁੱਛੇ ਸੁਆਲਾਂ ਜਿਵੇਂ ਕਿ ਕਣਕ ਨੂੰ ਪਹਿਲਾ ਪਾਣੀ ਲਗਾਉਣ, ਨਾਈਟ੍ਰੋਜਨ ਖਾਦ ਪਾਉਣ, ਕਣਕ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਦੀ ਰੋਕਥਾਮ, ਨੈਨੋ ਯੂਰੀਆ ਅਤੇ ਨੈਨੋ ਡੀ.ਏ.ਪੀ. ਦੀ ਵਰਤੋਂ, ਝੋਨੇ ਵਿੱਚ ਮਧਰੇਪਣ ਦੀ ਸੱਮਸਿਆ ਦੇ ਕਾਰਣ, ਆਦਿ ਦੇ ਜਵਾਬ ਤਸੱਲੀਬਖ਼ਸ਼ ਢੰਗ ਨਾਲ ਦਿੱਤੇ ਗਏ। ਇਸ ਕੈਂਪ ਦੀ ਸਫਲਤਾ ਵਿੱਚ ਸ੍ਰੀ ਵਕੀਲ ਸਿੰਘ, ਸ੍ਰੀ ਸੁਖਦੇਵ ਸ਼ਰਮਾ ਅਤੇ ਸ੍ਰੀ ਵਾਸਦੇਵ ਸ਼ਰਮਾ ਨੇ ਉੱਘਾ ਯੋਗਦਾਨ ਪਾਇਆ

# ਅਕਾਲ ਅਕੈਡਮੀ ਧਰਮਗੜ੍ਹ ਛੰਨਾ ਵਿਖੇ ਐਵਾਰਡ ਸਮਾਰੋਹ ਦਾ ਆਯੋਜਨ

“Equality and justice”
Patiala 20 November
INTERNATIONAL PAPER, 94636 01616
hardipchumber57@gmail.com

ਸੰਗਰੂਰ,20 ਨਵੰਬਰ ( ਜਗਸੀਰ ਸਿੰਘ)-

ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਧਰਮਗੜ੍ਹ ਛੰਨਾ ਵਿੱਚ ਸੈਸ਼ਨ 2024–25 ਲਈ ਚੰਗੀਆਂ ਪ੍ਰਾਪਤੀਆਂ ਵਾਸਤੇ ਸਨਮਾਨਿਤ ਕਰਨ ਲਈ ਐਵਾਰਡ ਸਮਾਰੋਹ ਆਯੋਜਿਤ ਕੀਤਾ ਗਿਆ। ਅਕੈਡਮੀ ਦੇ ਮਾਣਯੋਗ ਜ਼ਮੀਨ ਦਾਨੀ ਡਾ. ਮੱਘਰ ਸਿੰਘ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।



ਉਹਨਾਂ ਦੇ ਨਾਲ ਸ. ਜੀ.ਐਸ. ਸੱਗੂ, ਜੋਨਲ ਡਾਇਰੈਕਟਰ, ਅਤੇ ਡਾ. ਨਿਰਮਲ ਗੋਇਲ(ਫ਼ੈਸਿਲੀਟੇਟਰ) ਵੀ ਸਮਾਗਮ ਵਿੱਚ ਹਾਜ਼ਰ ਹੋਏ ਅਤੇ ਆਪਣੇ ਪ੍ਰੇਰਕ ਸ਼ਬਦਾਂ ਨਾਲ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ। ਇਸ ਪ੍ਰੋਗਰਾਮ ਦੌਰਾਨ ਆਪਣੇ-ਆਪਣੇ ਕਲਾਸਾਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀਆਂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ, ਅਤੇ ਬਹੁਤ ਚੰਗਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਉਹਨਾਂ ਦੀ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਲਈ ਅਸਲੀ ਚਾਂਦੀ ਦੇ ਤਮਗੇ ਅਤੇ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ ਗਏ। ਮਾਣਯੋਗ ਮਹਿਮਾਨਾਂ ਨੇ ਵਿਦਿਆਰਥੀਆਂ ਅਤੇ ਸਟਾਫ਼ ਦੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ ਅਤੇ ਸਭ ਨੂੰ ਅਕਾਦਮਿਕ ਅਤੇ ਜੀਵਨ ਵਿੱਚ ਸਿਖਰਤਾ ਹਾਸਲ ਕਰਨ ਲਈ ਹੌਂਸਲਾ ਦਿੱਤਾ, ਤਾਂ ਜੋ ਉਹ ਕਲਗੀਧਰ ਟਰੱਸਟ, ਬੜੂ ਸਾਹਿਬ ਦੀਆਂ ਮੁੱਲਾਂ ਅਤੇ ਦ੍ਰਿਸ਼ਟੀ ਨੂੰ ਅੱਗੇ ਵਧਾ ਸਕਣ। ਇਸ ਸਮੇਂ ਆਪਣੇ ਸੰਬੋਧਨ ਵਿੱਚ, ਅਕੈਡਮੀ ਦੇ ਪ੍ਰਿੰਸੀਪਲ ਸ਼ਿਵਾਨੀ ਮਿਹਨ ਨੇ ਵਿਦਿਆਰਥੀਆਂ ਨੂੰ ਆਪਣੀ ਲਗਨ ਕਾਇਮ ਰੱਖਣ, ਮਨ ਲੱਗੀ ਨਾਲ ਮਿਹਨਤ ਕਰਨ ਅਤੇ ਆਪਣੇ ਚੰਗੇ ਵਰਤਾਰੇ ਅਤੇ ਇਮਾਨਦਾਰ ਯਤਨਾਂ ਰਾਹੀਂ ਅਕੈਡਮੀ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ।

# 350 ਸਾਲਾ ਸ਼ਹੀਦੀ ਸਮਾਗਮ ਦੇ ਮੱਦੇਨਜ਼ਰ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਈਆਂ ਸਿਹਤ ਵਿਭਾਗ ਦੀਆਂ ਟੀਮਾਂ ਨੇ ਪੀ.ਐੱਚ.ਸੀ ਕੀਰਤਪੁਰ ਸਾਹਿਬ ਵਿਖੇ ਮੋਰਚਾ ਸੰਭਾਲਿਆ

**ਸ਼੍ਰੀ ਕੀਰਤਪੁਰ ਸਾਹਿਬ (20 ਨਵੰਬਰ, 2025): ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਦੇ ਮੱਦੇਨਜ਼ਰ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਈਆਂ ਸਿਹਤ ਵਿਭਾਗ ਦੀਆਂ ਟੀਮਾਂ ਨੇ ਪੀ.ਐੱਚ.ਸੀ ਕੀਰਤਪੁਰ ਸਾਹਿਬ ਵਿਖੇ ਮੋਰਚਾ ਸੰਭਾਲ ਲਿਆ ਹੈ।**

“Equality and justice”
Patiala 20 November
INTERNATIONAL PAPER, 94636 01616
hardipchumber57@gmail.com

ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੁਰਜੀਤ ਸਿੰਘ ਨੇ ਦੱਸਿਆ ਕਿ 350 ਸਾਲਾ ਸ਼ਹੀਦੀ ਸਮਾਗਮ ਨੂੰ ਸਫ਼ਲ ਬਣਾਉਣ ਲਈ ਸਿਹਤ ਵਿਭਾਗ ਵੱਲੋਂ ਵੱਡੇ ਪੱਧਰ ’ਤੇ ਤਿਆਰੀਆਂ ਕੀਤੀਆਂ ਗਈਆਂ ਹਨ। ਅੱਜ ਪੀ.ਐੱਚ.ਸੀ ਕੀਰਤਪੁਰ ਸਾਹਿਬ ਵਿਖੇ ਨੋਡਲ ਅਫ਼ਸਰ ਸਿਵਲ ਸਰਜਨ ਐੱਸ. ਬੀ.ਐੱਸ ਨਗਰ ਗੁਰਿੰਦਰਜੀਤ ਸਿੰਘ ਅਤੇ ਡੀ.ਐੱਮ.ਸੀ ਹਰਪ੍ਰੀਤ ਸਿੰਘ ਦੀ ਪ੍ਰਧਾਨਗੀ ਹੇਠ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਮੈਡੀਕਲ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਡਿਊਟੀਆਂ ਸੰਬੰਧੀ ਵਿਸ਼ੇਸ਼ ਟ੍ਰੇਨਿੰਗ ਦਿੱਤੀ ਗਈ ਅਤੇ ਸੇਵਾ ਭਾਵ ਨਾਲ ਡਿਊਟੀ ਕਰਨ ਪ੍ਰੇਰਿਤ ਕੀਤਾ



ਗਿਆ।ਇਸ ਮੌਕੇ ਬਲਾਕ ਮੈਡੀਕਲ ਅਫ਼ਸਰ ਡਾਕਟਰ ਜੰਗਜੀਤ ਸਿੰਘ ਵੀ ਮੌਜੂਦ ਰਹੇ। ਸੀਨੀਅਰ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਪੀ.ਐੱਚ.ਸੀ ਕੀਰਤਪੁਰ ਸਾਹਿਬ ਅਤੇ ਇਸਦੇ ਅਧੀਨ ਆਉਂਦੇ 5 ਆਮ ਆਦਮੀ ਕਲੀਨਿਕਾਂ ‘ਤੇ ਮਾਹਿਰ ਡਾਕਟਰਾਂ, ਫਾਰਮੇਸੀ ਅਫ਼ਸਰਾਂ ਅਤੇ ਲੈਬ ਟੈਕਨੀਸ਼ੀਅਨਾਂ ਦੀ ਤੈਨਾਤੀ ਕੀਤੀ ਗਈ ਹੈ। ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਦੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਮੈਡੀਕਲ ਸਹੂਲਤਾਂ, ਐਂਬੂਲੈਂਸ, ਐਮਰਜੈਂਸੀ ਸੇਵਾਵਾਂ ਅਤੇ ਮੁੱਢਲੇ ਸਿਹਤ ਸੰਭਾਲ ਪ੍ਰਬੰਧਾਂ ਨੂੰ ਮਜ਼ਬੂਤ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਸੁਖਾਂਵੀ ਘਟਨਾ ਹੋਣ ਦੀ ਸੂਰਤ ਵਿਚ ਤੁਰੰਤ ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ। ਇਸ ਤੋਂ ਇਲਾਵਾ ਪੀ.ਐੱਚ.ਸੀ ਵਿਖੇ ਮਰੀਜ਼ਾਂ ਦੇ ਸਾਰੇ ਟੈੱਸਟ ਮੁਫ਼ਤ ਕੀਤੇ ਜਾ ਰਹੇ ਹਨ ਅਤੇ ਐਕਸ-ਰੇ ਤੇ ਈ.ਸੀ.ਜੀ ਦੀ ਮੁਫ਼ਤ ਸੁਵਿਧਾ ਵੀ ਉਪਲੱਬਧ ਕਰਵਾਈ ਜਾ ਰਹੀ ਹੈ ਅਤੇ 24 ਘੰਟੇ ਐਮਰਜੈਂਸੀ ਸੇਵਾਵਾਂ ਵੀ ਨਿਰਵਿਘਨ ਜਾਰੀ ਹਨ।

ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੁਰਜੀਤ ਸਿੰਘ ਨੇ ਕਿਹਾ ਕਿ 29 ਨਵੰਬਰ ਤੱਕ ਚੱਲਣ ਵਾਲੇ ਸ਼ਹੀਦੀ ਸਮਾਗਮ ਦੌਰਾਨ ਇਨ੍ਹਾਂ ਵਿਸ਼ੇਸ਼ ਮੈਡੀਕਲ ਸਹੂਲਤਾਂ ਦਾ ਪ੍ਰਬੰਧ ਮੇਲੇ ਵਿਚ ਆਉਣ ਵਾਲੀਆਂ ਸੰਗਤਾਂ ਲਈ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਵਿਸ਼ੇਸ਼ ਤੌਰ ਤੇ ਕੀਤਾ ਗਿਆ।

ਬਲਾਕ ਐਕਸਟੈਨਸ਼ਨ ਐਜੂਕੇਟਰ ਰਤਿਕਾ ਓਬਰਾਏ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਵਿਰਾਸਤ-ਏ-ਖਾਲਸਾ ਅਤੇ ਐੱਸ.ਡੀ.ਐੱਚ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਲਈ ਇੱਕ ਵਿਸ਼ੇਸ਼ ਪ੍ਰਦਰਸ਼ਨੀ ਵੀ ਲਈ ਜਾ ਰਹੀ ਹੈ ਜੋ ਉਨ੍ਹਾਂ ਨੂੰ ਵੱਖ ਵੱਖ ਬਿਮਾਰੀਆਂ ਤੇ ਸਿਹਤ ਮਹਿਕਮੇ ਦੀਆਂ ਭਲਾਈ ਯੋਜਨਾਵਾਂ ਬਾਰੇ ਜਾਗਰੂਕ ਕਰੇਗੀ ਤਾਂ ਜੋ ਉਹ ਇਕ ਸਿਹਤਮੰਦ ਜੀਵਨ ਜੀਅ ਸਕਣ ਅਤੇ ਯੋਗਤਾ ਅਨੁਸਾਰ ਯੋਜਨਾਵਾਂ ਦਾ ਲਾਭ ਲੈ ਸਕਣ।

# ਹੋਮਿਓਪੈਥੀ ਇਲਾਜ ਦੇ ਮੁੱਖ ਨਿਯਮ- ਡਾ. ਅਮੀਤਾ ਰਾਣੀ, 7589363090

## ਹੋਮਿਓਪੈਥੀ ਇਕ ਵਿਗਿਆਨ ਹੈ ਜਿਸ ਵਿਚ ਰੋਗੀ ਦੇ ਵਿਸ਼ੇਸ਼ ਅਤੇ ਅਸਾਧਾਰਣ ਲੱਛਣਾਂ ਨੂੰ ਧਿਆਨ ਵਿਚ ਰੱਖ ਕੇ ਦਵਾਈ ਚੁਣੀ ਜਾਂਦੀ ਹੈ

“Equality and justice”
Patiala 20 November
INTERNATIONAL PAPER, 94636 01616
hardipchumber57@gmail.com

ਹੋਮਿਓਪੈਥੀ ਇਕ ਵਿਗਿਆਨ ਹੈ ਜਿਸ ਵਿਚ ਰੋਗੀ ਦੇ ਵਿਸ਼ੇਸ਼ ਅਤੇ ਅਸਾਧਾਰਣ ਲੱਛਣਾਂ ਨੂੰ ਧਿਆਨ ਵਿਚ ਰੱਖ ਕੇ ਦਵਾਈ ਚੁਣੀ ਜਾਂਦੀ ਹੈ। ਇਸ ਵਿਚ ਕੇਵਲ ਰੋਗ ਦਾ ਨਾਮ ਦੇਖ ਕੇ ਇਲਾਜ ਨਹੀਂ ਕੀਤਾ ਜਾਂਦਾ, ਬਲਕਿ ਹਰ ਰੋਗੀ ਦੇ ਅੰਦਰਲੇ ਲੱਛਣਾਂ ਅਤੇ ਉਸਦੀ ਸਰੀਰਕ–ਮਾਨਸਿਕ ਅਵਸਥਾ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

### . ਦਵਾਈ ਦੀ ਚੋਣ


ਜੇ ਰੋਗੀ ਵਿਚ ਅਸਾਧਾਰਣ ਲੱਛਣ ਮਿਲਣ ਤਾਂ ਉਨ੍ਹਾਂ ਦੇ ਆਧਾਰ ‘ਤੇ ਹੀ ਦਵਾਈ ਚੁਣੀ ਜਾਵੇ।

ਆਮ ਲੱਛਣਾਂ ਲਈ ਕਿਤਾਬਾਂ ਸਹਾਇਕ ਹੁੰਦੀਆਂ ਹਨ, ਪਰ ਇਲਾਜ ਦੀ ਨੀਂਹ ਹਮੇਸ਼ਾ ਵਿਲੱਖਣ ਲੱਛਣ ਹੀ ਹੁੰਦੇ ਹਨ।

ਦਵਾਈ ਦੇਣ ਤੋਂ ਬਾਅਦ ਪ੍ਰਤੀਕਿਰਿਆ

ਜੇ ਦਵਾਈ ਦੇਣ ਤੋਂ ਬਾਅਦ ਰੋਗ ਵਿਚ ਕੁਝ ਵਾਧਾ ਹੋਵੇ ਪਰ





ਰੋਗ ਹੌਲੀ-ਹੌਲੀ ਠੀਕ ਹੋਣਾ ਸ਼ੁਰੂ ਹੋ ਜਾਵੇ ਤਾਂ ਇਹ ਸਹੀ ਇਲਾਜ ਦੀ ਨਿਸ਼ਾਨੀ ਹੈ।

ਸਭ ਤੋਂ ਵਧੀਆ ਹਾਲਤ ਉਹ ਹੈ ਜਦੋਂ ਰੋਗ ਵੱਧੇ ਬਿਨਾਂ ਹੀ ਠੀਕ ਹੋਣਾ ਸ਼ੁਰੂ ਕਰੇ।

### ਦਵਾਈਆਂ ਦੀ ਦੁਹਰਾਵਟ

ਉੱਚ ਪੋਟੈਂਸੀ ਵਾਲੀਆਂ ਦਵਾਈਆਂ (200, 1000, 1M) ਨੂੰ ਬਾਰ-ਬਾਰ ਨਾ ਦੁਹਰਾਓ।

ਜੇ ਇਹ ਦਵਾਈ ਕੰਮ ਕਰ ਰਹੀ ਹੈ ਤਾਂ ਉਸਦੀ ਕਾਰਵਾਈ ਵਿਚ ਰੁਕਾਵਟ ਨਾ ਪਾਓ।

ਨਵੇਂ ਲੱਛਣ

ਜੇ ਦਵਾਈ ਲੈਣ ਤੋਂ ਬਾਅਦ ਰੋਗੀ ਵਿਚ ਨਵੇਂ ਲੱਛਣ ਪ੍ਰਗਟ ਹੋਣ, ਤਾਂ ਫੌਰਨ ਦਵਾਈ ਰੋਕ ਦਿਓ।

ਜੇ ਲੱਛਣ ਗਲਤ ਦਿਸ਼ਾ ਵਿਚ ਜਾਣ ਲੱਗਣ ਜਾਂ ਬਾਹਰੀ ਰੋਗ ਅੰਦਰਲੇ ਅੰਗਾਂ ਵਿਚ ਵਧਣ ਲੱਗੇ ਤਾਂ ਐਂਟੀਡੋਟ ਦਵਾਈ ਦੇਣੀ ਚਾਹੀਦੀ ਹੈ।

### ਦਵਾਈਆਂ ਵਿਚ ਅੰਤਰ

ਇੱਕ ਸਮੇਂ ਦੋ ਦਵਾਈਆਂ ਨਾ ਦਿਓ।

ਜੇ ਦੋ ਦਵਾਈਆਂ ਦੇਣੀਆਂ ਹੀ ਪੈਣ ਤਾਂ ਘੱਟੋ-ਘੱਟ 15 ਮਿੰਟ ਦਾ ਅੰਤਰ ਰੱਖੋ।

### ਲਾਭ ਨਾ ਹੋਣਾ ਜਾਂ ਰੁਕ ਜਾਣਾ

ਜੇ ਕੋਈ ਲਾਭ ਨਾ ਹੋਵੇ ਤਾਂ ਦਵਾਈਆਂ ਬੰਦ ਕਰੋ ਅਤੇ ਮੁੜ ਲੱਛਣਾਂ ਦੀ ਪਰਖ ਕਰਕੇ ਨਵਾਂ ਇਲਾਜ ਸ਼ੁਰੂ ਕਰੋ।

ਜੇ ਲਾਭ ਹੋਣਾ ਸ਼ੁਰੂ ਹੋ ਗਿਆ ਹੈ ਤਾਂ ਦਵਾਈ ਪੰਜ ਦਿਨ ਤੋਂ ਬਾਅਦ ਬੰਦ ਕਰੋ ਅਤੇ ਇੰਤਜ਼ਾਰ ਕਰੋ।

ਜੇ ਲਾਭ ਰੁਕ ਜਾਵੇ ਪਰ ਰੋਗ ਪੂਰੀ ਤਰ੍ਹਾਂ ਖ਼ਤਮ ਨਾ ਹੋਇਆ ਹੋਵੇ ਤਾਂ ਉਸੇ ਦਵਾਈ ਦੀ 1M ਪੋਟੈਂਸੀ ਦੀ ਇਕ ਖੁਰਾਕ ਦਿਓ ਅਤੇ ਇੱਕ ਮਹੀਨਾ ਕੁਝ ਨਾ ਦਿਓ।

### ਭੋਜਨ ਅਤੇ ਸਾਵਧਾਨੀਆਂ

ਦਵਾਈ ਲੈਣ ਤੋਂ ਪਹਿਲਾਂ ਜਾਂ ਬਾਅਦ ਘੱਟੋ-ਘੱਟ ਇੱਕ ਘੰਟਾ ਭੋਜਨ ਨਾ ਕਰੋ।

ਇਲਾਜ ਦੇ ਦੌਰਾਨ ਹਿੰਗ, ਸ਼ਰਾਬ, ਕੌਫੀ, ਭੰਗ, ਗਾਂਜਾ ਆਦਿ ਨਾ ਵਰਤੋ।

ਭੋਜਨ ਸਾਦਾ ਅਤੇ ਸਿਹਤਮੰਦ ਹੋਣਾ ਚਾਹੀਦਾ ਹੈ।

### ਖੁਰਾਕ ਦਾ ਨਿਯਮ

ਉੱਚ ਪੋਟੈਂਸੀ (200 ਜਾਂ 1000): ਹਫਤੇ ਵਿੱਚ ਇੱਕ ਵਾਰ ਸਵੇਰੇ ਪੰਜ ਬੂੰਦਾਂ।

ਨਿਮਨ ਪੋਟੈਂਸੀ (6 ਜਾਂ 30): ਹਰ ਰੋਜ਼ ਤਿੰਨ ਵਾਰ ਬੂੰਦਾਂ।

ਬੱਚਿਆਂ ਲਈ: ਵੱਡਿਆਂ ਦੀ ਅੱਧੀ ਖੁਰਾਕ।

ਹੋਮਿਓਪੈਥੀ ਦਾ ਸਹੀ ਲਾਭ ਤਦੋਂ ਮਿਲਦਾ ਹੈ ਜਦੋਂ ਇਲਾਜ ਰੋਗੀ ਦੇ ਵਿਲੱਖਣ ਲੱਛਣਾਂ ਅਨੁਸਾਰ ਕੀਤਾ ਜਾਵੇ। ਦਵਾਈ ਦੀ ਚੋਣ ਵਿਚ ਧੀਰਜ ਅਤੇ ਧਿਆਨ ਬਹੁਤ ਜ਼ਰੂਰੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਰੋਗ ਨੂੰ ਅੰਦਰੋਂ ਬਾਹਰ ਨਿਕਲਣਾ ਚਾਹੀਦਾ ਹੈ, ਨਾ ਕਿ ਬਾਹਰੋਂ ਅੰਦਰ ਵਧਣਾ।

ਡਾ. ਅਮੀਤਾ ਰਾਣੀ
7589363090

“इक्वालिटी एंड जस्टिस”
“ पटियाला 20 नवंबर
INTERNATIONAL PAPER, 9463601616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवतर्न के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## हम एक योद्धा कुल से हैं

भारतीय बहिष्कृत समाज सेवक संघ के संरक्षण में



रत्नागिरी जिला बहिष्कृत परिषद द्वारा आयोजित सभा का दूसरा अधिवेशन डॉ. बी. आर. अम्बेडकर की अध्यक्षता में शनिवार 13 अप्रैल, 1927 को 4:30 शाम चिपलून में हुआ। देवराव नायक “समता” के संपादक, एस.एन. शिवतरकर, डी.वी. प्रधान, एस.एस. गुप्ते, बी. आर. काडरेकर भी सम्मेलन में उपस्थित रहे। कोई आठ हजार पुरुष व स्त्रियां अधिवेशन में पहुंचे।'

अधिवेशन के समय तनाव की स्थिति थी । अधिवेशन हेतु पण्डाल लगाने की जगह पाने के लिए कठिन प्रयास करना पड़ा। सनातन पंथी हिन्दुओं के मन में भय था कि महाड़ कांड कहीं दोहराया न जाए और अगर सम्मेलन उनके कस्बे में हुआ तो अछूत हिन्दू उनके पानी को दूषित कर सकते हैं। इसलिए, उन्होंने बड़े ध्यान, सावधानी व सुरक्षा से सारे कुएं बन्द कर दिए थे मानों कुछ दुश्मन लोग उन पर हमला बोल रहे हों। डॉ. अम्बेडकर और उनके सहकर्मी चिपलून के डाक बंगले में दो दिन ठहरे थे।

प्रगतिशील विचारधारा के लोग जैसे विनायक राव बर्वे और बी. जी. खाटू दो स्थानीय नेताओं ने भी अधिवेशन में उपस्थिति दर्ज कराई। ओम स्वामी रागजी अधिवेशन में आये प्रतिनिधियों का अभिनंदन किया और सवर्ण हिन्दुओं को आशा जताई कि मौके की नजाकत को समझते हुए वे अपने दृष्टिकोण में खुलापन लाने की आवश्यकता को समझें।

अपने अध्यक्षीय भाषण में डॉ. अम्बेडकर ने कहा, “तुम्हें अपनी दासता का समापन स्वयं करना होगा, अपने आत्म सम्मान को बेचकर जीना कलंकित हो कर जीने के समान है। जीवित रहने के लिए आत्म सम्मान एक आवश्यक टानिक है। बिना आत्म सम्मान के मनुष्य शून्य मात्र है। आत्म सम्मान से जीने के लिए अपनी कठिनाइयों पर आप को काबू पाना होगा। कड़े परिश्रम व निरंतर संघर्ष से ही आपको शक्ति, आत्मविश्वास व मान्यता मिलेगी” तब उन्होंने कोंकण में परिचालित भूमि व्यवस्था जिसे 'खोती कहते थे, के बारे में चर्चा की। खोती व्यवस्था के अंतर्गत उनका खून चूसा जा रहा था और डॉ. अम्बेडकर ने उनको आश्वासन दिलाया कि वे पूरा प्रयास करेंगे और खोती व्यवस्था से उन्हें हमेशा के लिए मुक्ति दिलवाएंगे। उन्होंने इसके लिए कोई भी खतरा झेलने को तैयार हैं की घोषणा की। यदि मैं यहां आप की दरिद्रता व लज्जित जीवन के प्रति आपको जागरूक करता हूं तो मुझे जान से मारने की धमकी मिलेगी। मनुष्य का शरीर नश्वर है। हर एक को एक दिन तो मरना ही है, परन्तु हम यह प्रण करें कि अपना मनुष्य जीवन सुधारने व आत्म सम्मान जैसे उत्तम आदर्शों के लिए समर्पित कर देंगे। हम किसी के दास नहीं हैं। हम योद्धाओं के कुल से हैं। किसी शक्तिशाली व्यक्ति के लिए अपना आत्मसम्मान खोकर और बिना स्वदेश प्रेम के जीवन जीने से बड़ा कोई अपमान नहीं हो सकता” ।

“तब डॉ. बाबा साहेब ने सुझाव दिया “क्यों न हमारे लोग पलायन कर किसी अच्छे व दूरस्थ स्थान पर जाकर बस जाएं। यह सवर्ण हिन्दुओं व हिन्दू जागीरदारों व जमींदारों के अत्याचारों से बचने का एक उपाय हो सकता है।” उन्होंने कहा कि वे सिंध व इंदौर राज्यों में कुछ कृषि भूमि लेने का प्रयास करेंगे। उन्होंने अपने पड़ोसी मुसलमानों का उदाहरण देते हुए बताया कि वे अफ्रीका देश जाकर बस गये थे और पैसा कमाकर व धनाढ्य बनकर कोंकण में वापिस आ गये। सम्भवतः पलायन व और कहीं जा बसने का विचार उनके मन में तब आया जब वे दूसरे पार्षदों के साथ सक्कर बांध का परीक्षण करने सिंध गए थे, जिसके अन्तर्गत हजारों एकड़ रेगिस्तान की भूमि को उपजाऊ कृषि क्षेत्र में विकसित करने की आशा थी इसी प्रकार इंदौर के महाराजा के साथ उनका नया अनुबंध हुआ था इसलिए उनमें शायद यह आशा जगी कि वे महाराजा से अछूतों के लिए कुछ भूमि लेने में सफल होंगे।

श्री विनायक बर्वे ने रात्रि भोज के लिए डॉ. अम्बेडकर को सप्रेम आमंत्रित किया था। वे इस भोज में इस मान्यता के साथ सम्मिलित हुए कि “किसी को भी ऐसे अंतर्जातीय भोज में भागीदार बनना चाहिए, इसलिए नहीं कि अगर कोई ब्राह्मणों के संग भोजन कर लेगा तो उसके लिए स्वर्ग के द्वार खुल जाएंगे बल्कि ऐसा करना इसलिए उत्तम है, क्योंकि ऐसे भोजों से सामाजिक मेल जोल बनता है, आपसी संबंधों में समरसता आती है और समानता के सिद्धान्त को बढ़ावा मिलता है ।

# चिपलून सम्मेलन, 1927: डॉ. अम्बेडकर के विचारों और बहिष्कृत समाज की स्थिति पर एक ब्रीफिंग दस्तावेज़

“इक्वालिटी एंड जस्टिस”
“ पटियाला 20 नवंबर
INTERNATIONAL PAPER, 9463601616
hardipchumber57@gmail.com

### कार्यकारी सारांश

यह दस्तावेज़ 13 अप्रैल, 1927 को चिपलून में आयोजित रत्नागिरी जिला बहिष्कृत परिषद के दूसरे अधिवेशन का एक संश्लेषित विश्लेषण प्रस्तुत करता है। डॉ. बी. आर. अम्बेडकर की अध्यक्षता में हुए इस सम्मेलन में लगभग आठ हजार लोगों ने भाग लिया और यह सवर्ण हिंदुओं के तीव्र विरोध और तनावपूर्ण माहौल के बीच संपन्न हुआ। डॉ. अम्बेडकर ने अपने अध्यक्षीय भाषण में बहिष्कृत समाज के लिए कई केंद्रीय विषयों पर प्रकाश डाला, जिनमें आत्म-सम्मान, आत्म-मुक्ति और निरंतर संघर्ष की अनिवार्यता सर्वोपरि थी। उन्होंने जोर देकर कहा कि दासता का अंत स्वयं करना होगा और आत्म-सम्मान के बिना मनुष्य का जीवन शून्य है।

भाषण के प्रमुख बिंदुओं में कोंकण क्षेत्र की शोषक 'खोती' भूमि व्यवस्था को समाप्त करने का संकल्प, और अत्याचारों से बचने के एक क्रांतिकारी उपाय के रूप में सिंध या इंदौर जैसे दूरस्थ स्थानों पर पलायन का सुझाव शामिल था। डॉ. अम्बेडकर ने अपने लोगों को उनकी “योद्धा कुल” की विरासत की याद दिलाई और आत्म-सम्मान के लिए जीवन समर्पित करने का आह्वान किया। सम्मेलन का समापन एक महत्वपूर्ण सामाजिक घटना के साथ हुआ, जब डॉ. अम्बेडकर ने सामाजिक समरसता और समानता के सिद्धांत को बढ़ावा देने के उद्देश्य से एक प्रगतिशील नेता श्री विनायक बर्वे द्वारा आयोजित अंतरजातीय भोज में भाग लिया।

### विस्तृत विश्लेषण

### 1. सम्मेलन का संदर्भ और पृष्ठभूमि

शनिवार, 13 अप्रैल, 1927 को भारतीय बहिष्कृत समाज सेवक संघ के संरक्षण में रत्नागिरी जिला बहिष्कृत परिषद का दूसरा अधिवेशन चिपलून में आयोजित किया गया। इस ऐतिहासिक सभा से जुड़ी प्रमुख जानकारियाँ निम्नलिखित हैं:

* अध्यक्षता: डॉ. बी. आर. अम्बेडकर।
* उपस्थिति: लगभग आठ हजार पुरुष और महिलाएं।
* प्रमुख उपस्थितगण: देवराव नायक (“समता” के संपादक), एस.एन. शिवतरकर, डी.वी. प्रधान, एस.एस. गुप्ते, और बी. आर. काडरेकर।
* प्रगतिशील सवर्ण हिंदू नेता: स्थानीय नेता विनायक राव बर्वे और बी. जी. खाटू ने भी अपनी उपस्थिति दर्ज कराई, जो इस आंदोलन के लिए एक महत्वपूर्ण समर्थन था।

सम्मेलन का आयोजन अत्यंत तनावपूर्ण परिस्थितियों में किया गया था। सनातनी हिंदुओं को महाड़ कांड के दोहराव का डर था, जिसके कारण उन्होंने अधिवेशन के लिए पंडाल लगाने की जगह देने में बाधा डाली। उन्होंने अपने सभी कुओं को इस डर से बंद कर दिया कि अछूत उनके पानी को दूषित कर देंगे, मानो कोई दुश्मन हमला करने वाला हो। इन विपरीत परिस्थितियों के बावजूद, सम्मेलन सफलतापूर्वक आयोजित किया गया, जिसमें डॉ. अम्बेडकर और उनके सहयोगी दो दिनों तक चिपलून के डाक बंगले में ठहरे।

### 2. डॉ. बी. आर. अम्बेडकर का अध्यक्षीय भाषण: मुख्य विषय-वस्तु

डॉ. अम्बेडकर का भाषण बहिष्कृत समाज के लिए एक शक्तिशाली आह्वान था, जिसमें उन्होंने उनकी समस्याओं के मूल कारणों पर प्रहार किया और भविष्य के लिए एक स्पष्ट दिशा प्रदान की।

#### आत्म-सम्मान और आत्म-मुक्ति

भाषण का केंद्रीय स्तंभ आत्म-सम्मान का विचार था। डॉ. अम्बेडकर ने इसे मानव अस्तित्व के लिए अनिवार्य बताया।

* स्वयं पर निर्भरता: उन्होंने स्पष्ट रूप से कहा, “तुम्हें अपनी दासता का समापन स्वयं करना होगा।”
* आत्म-सम्मान का महत्व: उन्होंने इसे “जीवित रहने के लिए एक आवश्यक टानिक” बताते हुए कहा, “अपने आत्म सम्मान को बेचकर जीना कलंकित हो कर जीने के समान है। बिना आत्म सम्मान के मनुष्य शून्य मात्र है।”
* संघर्ष का मार्ग: उन्होंने इस बात पर जोर दिया कि शक्ति, आत्मविश्वास और मान्यता केवल “कड़े परिश्रम व निरंतर संघर्ष” से ही प्राप्त की जा सकती है।

#### खोती व्यवस्था का विरोध

डॉ. अम्बेडकर ने कोंकण क्षेत्र में प्रचलित शोषक 'खोती' भूमि व्यवस्था पर सीधा प्रहार किया, जिसके तहत किसानों का “खून चूसा जा रहा था।”

* मुक्ति का आश्वासन: उन्होंने लोगों को आश्वासन दिया कि वे इस व्यवस्था से उन्हें हमेशा के लिए मुक्ति दिलाने का पूरा प्रयास करेंगे।
* खतरा मोल लेने की घोषणा: उन्होंने कहा, “यदि मैं यहां आप की दरिद्रता व लज्जित जीवन के प्रति आपको जागरूक करता हूं तो मुझे जान से मारने की धमकी मिलेगी।”
* जीवन का आदर्श: उन्होंने मृत्यु की नश्वरता का उल्लेख करते हुए आह्वान किया, “मनुष्य का शरीर नश्वर है। हर एक को एक दिन तो मरना ही है, परन्तु हम यह प्रण करें कि अपना मनुष्य जीवन सुधारने व आत्म सम्मान जैसे उत्तम आदर्शों के लिए समर्पित कर देंगे।”

#### योद्धा वंश की पहचान

लोगों के मनोबल को बढ़ाने के लिए, डॉ. अम्बेडकर ने उन्हें उनकी गौरवशाली विरासत की याद दिलाई।

* एक शक्तिशाली घोषणा: उन्होंने कहा, “हम किसी के दास नहीं हैं। हम योद्धाओं के कुल से हैं।”
* अपमान की परिभाषा: उन्होंने तर्क दिया कि “किसी शक्तिशाली व्यक्ति के लिए अपना आत्मसम्मान खोकर और बिना स्वदेश प्रेम के जीवन जीने से बड़ा कोई अपमान नहीं हो सकता।”

3. अत्याचार से मुक्ति का एक क्रांतिकारी प्रस्ताव: पलायन

स्थानीय स्तर पर निरंतर हो रहे अत्याचारों के समाधान के रूप में, डॉ. अम्बेडकर ने एक साहसिक और दूरगामी विचार प्रस्तुत किया।

* प्रस्ताव: उन्होंने सुझाव दिया, “क्यों न हमारे लोग पलायन कर किसी अच्छे व दूरस्थ स्थान पर जाकर बस जाएं।” इसे सवर्ण हिंदुओं और जमींदारों के अत्याचारों से बचने का एक प्रभावी उपाय बताया गया।
* संभावित स्थान: उन्होंने सिंध और इंदौर राज्यों में कृषि भूमि प्राप्त करने के अपने प्रयासों का उल्लेख किया।

#### * प्रेरणा और उदाहरण:



**Eng. Hardip Singh Chumber**

* उन्होंने अपने पड़ोसी मुसलमानों का उदाहरण दिया जो अफ्रीका जाकर बस गए और धनी होकर वापस लौटे।
* यह विचार संभवतः सक्कर बांध परियोजना के उनके निरीक्षण से प्रेरित था, जिसका उद्देश्य सिंध में हजारों एकड़ रेगिस्तानी भूमि को उपजाऊ बनाना था।
* इंदौर के महाराजा के साथ उनके नए अनुबंध ने भी यह आशा जगाई कि वे अपने लोगों के पुनर्वास के लिए भूमि प्राप्त करने में सफल हो सकते हैं।

### 4. सामाजिक समानता का व्यावहारिक प्रदर्शन: अंतरजातीय भोज

सम्मेलन केवल भाषणों तक ही सीमित नहीं रहा, बल्कि इसमें सामाजिक समानता का एक व्यावहारिक प्रदर्शन भी शामिल था।

* आमंत्रण: प्रगतिशील नेता श्री विनायक बर्वे ने डॉ. अम्बेडकर को रात्रि भोज के लिए आमंत्रित किया।
* स्वीकृति का कारण: डॉ. अम्बेडकर इस भोज में इस स्पष्ट मान्यता के साथ शामिल हुए कि ऐसे आयोजनों का उद्देश्य आध्यात्मिक लाभ (“स्वर्ग के द्वार खुल जाएंगे”) नहीं है।
* वास्तविक उद्देश्य: उन्होंने जोर देकर कहा कि ऐसे अंतरजातीय भोज में भाग लेना इसलिए उत्तम है क्योंकि:
  * यह सामाजिक मेल-जोल को बढ़ावा देता है।
  * यह आपसी संबंधों में समरसता लाता है।
  * यह समानता के सिद्धांत को सशक्त करता है।

यह घटना जातिगत बाधाओं को तोड़ने और सामाजिक सुधार को केवल सैद्धांतिक बहसों से निकालकर व्यावहारिक जीवन में लाने की डॉ. अम्बेडकर की प्रतिबद्धता का प्रतीक थी।

# 'पुलिस केस को झूठा बता देती है...' दलितों पर अत्याचार करने वालों को नहीं मिलती सजा! अपनी ही सरकार पर क्यों बरसे VCK सांसद?

**एनसीआरबी के आंकड़ों का हवाला देकर वीसीके सांसद डी. रविकुमार ने जताई चिंता, कहा- दलितों को न्याय दिलाने में पुलिस और न्याय व्यवस्था पूरी तरह से हो रही है फेल।**

"इक्वालिटी एंड जस्टिस"
" पटियाला 20 नवंबर
INTERNATIONAL PAPER, 94636 01616
hardipchumber57@gmail.com






चेन्नई। तमिलनाडु में सत्तारूढ़ डीएमके गठबंधन में तनाव बढ़ता दिख रहा है। गठबंधन के साथी दल वीसीके के नेता और विल्लुपुरम सांसद डी. रविकुमार ने राज्य सरकार पर बड़ा हमला बोला है। उन्होंने कहा कि तमिलनाडु में जाति के नाम पर होने वाले अपराधों में दोषियों को सजा मिलने की दर बहुत कम है। यह आंकड़े बताते हैं कि राज्य की पुलिस और न्याय व्यवस्था बुरी तरह नाकाम हो रही है।

वीसीके राज्य की सत्ताधारी पार्टी डीएमके की सहयोगी है, जिसके चार विधायक और दो सांसद हैं। एक डिटेल्ड बयान में, रवि कुमार ने कहा कि एससी/एसटी (प्रिवेंशन ऑफ एट्रोसिटीज) एक्ट के तहत दलितों द्वारा फाइल किए गए केस खतरनाक दर से खारिज हो रहे हैं। ज्यादातर बिना पूरी जांच के उन्हें 'झूठा' बता दिया जाता है।

उन्होंने आरोप लगाया कि ऐसे नतीजे पुलिस द्वारा केस को ठीक से हैंडल न करने और जातिगत अत्याचारों के पीड़ितों को न्याय दिलाने में एनफोर्समेंट अथॉरिटीज की गंभीरता की कमी के कारण आते हैं।

2023 के नेशनल क्राइम रिकॉर्ड ब्यूरो (एनसीआरबी) के आंकड़ों का हवाला देते हुए, वीसीके लीडर ने बताया कि तमिलनाडु में अनुसूचित जातियों के खिलाफ क्राइम लगातार बढ़ रहे हैं। राज्य में 2023 में दलितों के खिलाफ अत्याचार के 1,921 केस दर्ज किए गए, जो 2021 में दर्ज 1,377 केस से काफी ज्यादा हैं।

रवि कुमार ने पड़ोसी आंध्र प्रदेश, तेलंगाना और कर्नाटक से तुलना की, इन सभी ने इसी समय के दौरान एससी समुदाय के खिलाफ क्राइम में कमी की रिपोर्ट दी। उन्होंने कहा कि यह तमिलनाडु के नेशनल और रीजनल ट्रेंड्स से 'परेशान करने वाले भटकाव' को दिखाता है।

उन्होंने आगे कहा कि तमिलनाडु की अदालतों में पेंडिंग केस बढ़ते जा रहे हैं। 2023 तक, एससी समुदाय के खिलाफ अत्याचार से जुड़े कुल 6,410 केस पहले से ही ट्रायल पर थे, और उस साल 1,502 नए केस जुड़े, जिससे पेंडिंग मामलों की कुल संख्या 7,912 हो गई। उन्होंने चेतावनी दी कि इतने ज्यादा बैकलॉग का सीधा असर पिछड़े समुदायों को न्याय मिलने पर पड़ता है।

रवि कुमार ने इन मामलों के नतीजों में एक चिंताजनक अंतर की ओर भी इशारा किया। 2023 में, सिर्फ 115 को सजा हुई, जबकि 830 केस बरी हो गए, जिससे सजा की दर सिर्फ 12 प्रतिशत रही, जो नेशनल एवरेज 32 परसेंट से बहुत कम है। उन्होंने इस खराब सजा की दर के लिए सिस्टम से जुड़ी दिक्कतों को जिम्मेदार ठहराया, जिसमें मामलों को ठीक से फाइल न करना, कमजोर चार्जशीट, जांच में देरी और प्रॉसिक्यूशन द्वारा ठीक से फॉलो-अप न करना शामिल है।

हालात को नामंजूर बताते हुए, वीसीके के जनरल सेक्रेटरी ने कहा कि दलितों को इंसाफ दिलाने के लिए राज्य को अपनी पुलिसिंग और प्रॉसिक्यूशन सिस्टम में तुरंत सुधार करना चाहिए।

उन्होंने सरकार से इन्वेस्टिगेशन प्रोसेस को मजबूत करने, पुलिसवालों की ट्रेनिंग में सुधार करने और यह पक्का करने की अपील की कि एससी/एसटी एक्ट के तहत मामलों को उतनी ही गंभीरता से हैंडल किया जाए जितनी वे लायक हैं।

# तमिलनाडु: जातिगत भेदभाव और मारपीट से आहत दलित छात्र की मौत, 10 दिन तक जिंदगी और मौत से लड़ता रहा जंग

**जातिसूचक गालियों से आहत होकर छात्र ने की थी आत्महत्या की कोशिश, पिता ने पुलिस की जांच पर उठाए सवाल, विभाग ने दी 6 लाख की मदद**

"इक्वालिटी एंड जस्टिस"
" पटियाला 20 नवंबर
INTERNATIONAL PAPER, 94636 01616
hardipchumber57@gmail.com



विल्लुपुरम: तमिलनाडु के विल्लुपुरम जिले में कथित जातिगत भेदभाव का एक दिल दहला देने वाला मामला सामने आया है। जातिसूचक गालियों और मारपीट से अपमानित होकर आत्महत्या का प्रयास करने वाले 18 वर्षीय दलित छात्र ने मंगलवार को अस्पताल में दम तोड़ दिया। मृतक छात्र पिछले 10 दिनों से आईसीयू में जिंदगी की जंग लड़ रहा था।

मृतक की पहचान वादकुचिपालयम (Vadakuchipalayam) निवासी एस. गजनी (S Gajini) के रूप में हुई है। वह 'गवर्नमेंट अरिग्नार अन्ना आर्ट्स कॉलेज' में इतिहास (History) के प्रथम वर्ष का छात्र था।

## क्या थी पूरी घटना?

सूत्रों से मिली जानकारी के अनुसार, यह घटना 6 नवंबर की है। गजनी एक होटल से वापस अपने घर लौट रहा था। उसी दौरान वन्नियार समुदाय के तीन लोग, जो कथित तौर पर नशे की हालत में एक ही बाइक पर सवार थे, उन्होंने गजनी की दोपहिया वाहन को टक्कर मार दी।

इस टक्कर के बाद वहां कहासुनी शुरू हो गई। आरोप है कि जैसे ही उन तीनों को पता चला कि गजनी दलित समुदाय से है, उन्होंने उसे जातिसूचक गालियां देनी शुरू कर दीं और उसके साथ शारीरिक रूप से मारपीट की। सूत्रों का कहना है कि जब गजनी के पिता ने बीच-बचाव करने की कोशिश की, तो तीनों आरोपी मौके से फरार हो गए।

## अपमान से आहत होकर उठाया खौफनाक कदम

इस घटना के तीन दिन बाद, गजनी ने अपने घर पर आत्महत्या करने का प्रयास किया। परिजनों ने उसे तुरंत बचाया और मुंडियाम्बक्कम (Mundiyambakkam) स्थित 'गवर्नमेंट मेडिकल कॉलेज एंड हॉस्पिटल' में भर्ती कराया। वहां उसे इंटेंसिव क्रिटिकल केयर यूनिट (ICU) में रखा गया था। 10 दिनों तक चले इलाज के बाद, मंगलवार तड़के उसने अपनी चोटों के कारण दम तोड़ दिया।

## पुलिस की जांच पर सवाल

विल्लुपुरम तालुक पुलिस ने शिकायत के आधार पर तीन अज्ञात पुरुषों के खिलाफ SC/ST एक्ट के तहत मामला दर्ज किया है। पुलिस सूत्रों का कहना है कि छात्र आरोपियों की पहचान की पुष्टि नहीं कर सका था, जिससे संदिग्धों का पता लगाना मुश्किल हो रहा है। हालांकि, परिवार का दावा है कि गजनी ने कम से कम एक हमलावर की पहचान कर ली थी।

## "मेरा बेटा चला गया, हमें इंसाफ चाहिए"

मृतक के पिता, पी. सेम्मेनरी ने प्रशासन की कार्रवाई पर सवाल उठाए हैं। उन्होंने कहा, "घटनास्थल पर मोबाइल टावर के सिग्नल को ट्रैक करना पुलिस के लिए कितना मुश्किल काम है? पुलिस ठीक से जांच नहीं कर रही है क्योंकि मेरा बेटा अब इस दुनिया में नहीं है। हमें न्याय चाहिए।"

इसके साथ ही, उन्होंने बस स्टॉप तक जाने वाले रास्ते पर दलित निवासियों की सुरक्षा सुनिश्चित करने की भी मांग की है।

मुआवजे की घोषणा इस दुखद घटना के बीच, जिला आदि द्रविड़ कल्याण विभाग ने पीड़ित परिवार के लिए 6 लाख रुपये के मुआवजे की मंजूरी दी है। छात्र की मौत के बाद से इलाके में शोक की लहर है और परिवार न्याय की गुहार लगा रहा है।

# 'बाप बोल मुझे': शाहजहांपुर में दलित सब्जी विक्रेता की लाठियों से पिटाई; वीडियो वायरल होने पर मुख्य आरोपी गिरफ्तार

**शाहजहांपुर में दबंगई की हदें पार: पुरानी रंजिश में दलित युवक पर लाठियों से हमला, वीडियो वायरल होने पर पुलिस ने मुख्य आरोपी को दबोचा।**

"इक्वालिटी एंड जस्टिस"
" पटियाला 20 नवंबर
INTERNATIONAL PAPER, 94636 01616
hardipchumber57@gmail.com



उत्तर प्रदेश के शाहजहांपुर जिले से एक दिल दहला देने वाला मामला सामने आया है, जहां मानवता को शर्मसार करते हुए एक दलित सब्जी विक्रेता की बेरहमी से पिटाई की गई। सोशल मीडिया पर घटना का वीडियो वायरल होने के बाद पुलिस प्रशासन हरकत में आया और आपाधापी में कार्रवाई शुरू कर दी।

## क्या है पूरा मामला?

यह घटना सिंधौली थाना क्षेत्र के अंतर्गत आने वाले गांव पैना बुजुर्ग की है। यहाँ एक स्थानीय दबंग ने सब्जी बेचने आए युवक पर लाठियां बरसा दीं। वायरल वीडियो में साफ देखा जा सकता है कि आरोपी पीड़ित को डंडों से पीट रहा है और उसे जबरदस्ती "बाप" कहने के लिए मजबूर कर रहा है। इस वीडियो को देखने के बाद लोगों में भारी आक्रोश फैल गया, जिसके बाद पुलिस को तत्काल हस्तक्षेप करना पड़ा।

## पुरानी रंजिश बनी हमले की वजह

पीड़ित की पहचान अचल कुमार के रूप में हुई है, जो पास के ही गांव पैना खुर्द का निवासी है। अधिकारियों द्वारा दी गई जानकारी के अनुसार, अचल का क्षेत्र के कुछ सवर्ण जाति के लोगों के साथ पुराना कानूनी विवाद चल रहा था। रविवार को अचल सब्जी बेचते हुए गलती से पैना बुजुर्ग गांव में प्रवेश कर गया। वहां मौजूद छुटके सिंह और उसके साथियों ने उसे घेर लिया और उस पर हमला बोल दिया।

वहां मौजूद एक स्थानीय निवासी ने इस मारपीट का वीडियो बना लिया और उसे इंटरनेट पर अपलोड कर दिया, जिससे क्षेत्र में तनाव की स्थिति बन गई।

## पुलिस की कार्रवाई और गिरफ्तारी

हमले के बाद, पीड़ित अचल कुमार ने थाने में शिकायत दर्ज कराई। पुलिस ने शिकायत के आधार पर सुसंगत धाराओं में एफआईआर (FIR) दर्ज कर ली है।

सिधौली के क्षेत्राधिकारी (CO) प्रवीण मलिक ने सोशल मीडिया प्लेटफॉर्म 'X' पर एक पोस्ट के जरिए पुष्टि की है कि मुख्य आरोपी को गिरफ्तार कर लिया गया है। उन्होंने बताया, "हमने मुख्य आरोपी को गिरफ्तार कर लिया है और मामले की जांच जारी है।"

# महाराष्ट्र: वसई में 100 उठक-बैठक की सज़ा के बाद स्टूडेंट की मौत, SIT जांच की मांग

"इक्वालिटी एंड जस्टिस"
" पटियाला 20 नवंबर
INTERNATIONAL PAPER, 94636 01616
hardipchumber57@gmail.com

मुंबई- वसई की 13 साल की काजल गौर की मौत ने पूरे महाराष्ट्र को हिलाकर रख दिया है। आरोप है कि एक टीचर ने स्कूल में 10 मिनट लेट होने पर उसे 100 उठक-बैठक करवाई। इसके बाद उसकी तबीयत बिगड़ गई और जेजे हॉस्पिटल में इलाज के दौरान उसकी मौत हो गई।

इस पूरे मामले में बॉम्बे हाई कोर्ट में एक पिटीशन फाइल की गई है, जिसमें कोर्ट से स्वतः संज्ञान लेकर कार्रवाई करने की मांग की गई है।

यह पिटीशन वकील स्वप्ना प्रमोद कोडे ने चीफ जस्टिस चंद्रशेखर को संबोधित करते हुए फाइल की है। उन्होंने कोर्ट से इस मामले की जांच में तेजी लाने की अपील करते हुए कहा है कि यह सिर्फ एक बच्चे की मौत नहीं बल्कि एक मानवीय और संवैधानिक मुद्दा है।

पिटीशन में स्कूल के गैर-कानूनी कामकाज और इस मौत के पीछे के सभी हालात की जांच के लिए एक स्पेशल इन्वेस्टिगेशन टीम (SIT) बनाने की मांग की गई है। इसमें स्कूल मैनेजमेंट और आरोपी टीचर के खिलाफ तुरंत FIR दर्ज करने की भी मांग की गई है।

पिटीशन के मुताबिक, क्लास 6 की स्टूडेंट काजल गौर को 8 नवंबर, 2025 को लेट होने की वजह से 100 सिट-अप्स करने के लिए कहा गया था। स्कूल से घर लौटने के बाद काजल की हालत बिगड़ने लगी। उसे पहले वसई के एक हॉस्पिटल में एडमिट कराया गया और जब उसकी हालत बिगड़ी तो उसे जेजे हॉस्पिटल ले जाया गया, जहां 14 नवंबर को उसकी मौत हो गई।

वालिव पुलिस ने अभी तक सिर्फ एक्सीडेंटल डेथ का केस दर्ज किया है और FIR फाइल करने के लिए फोरेंसिक रिपोर्ट के रिजल्ट का इंतजार कर रही है।

इस बीच, स्कूल का दावा है कि उन्हें काजल की खराब सेहत के बारे में पता था और उन्होंने उसके माता-पिता से मेडिकल मदद लेने को कहा था। हालांकि, सज़ा देने वाली टीचर ममता यादव को कथित तौर पर यह नहीं पता था कि काजल उन बच्चों के ग्रुप में है जिन्हें सज़ा दी जा रही है। प्रिंसिपल ने कहा कि टीचर उसकी हाइट कम होने की वजह से उसे पहचान नहीं पाई, हालांकि जांच पूरी होने तक टीचर को सस्पेंड कर दिया गया है।

याचिका में कहा गया है कि हर नागरिक को जीने और सम्मान का अधिकार है। कानून के अलावा किसी भी व्यक्ति को उसकी ज़िंदगी से दूर नहीं किया जा सकता। यहां, एक नाबालिग लड़की को ऐसी सज़ा दी गई जिससे उसकी मौत हो गई। यह न्याय के सिद्धांतों के खिलाफ है और एक बड़े अपराध की ओर इशारा करता है।

एडवोकेट स्वप्ना कोडे ने मांग की है कि कोर्ट पूरी घटना की जल्दी जांच के लिए एक SIT बनाए और स्कूल मैनेजमेंट और आरोपी टीचर के खिलाफ केस दर्ज करे। उन्होंने स्कूल के गैर-कानूनी कामकाज की भी जांच करने और अगर ज़रूरी हो तो उसकी मान्यता रद्द करने की मांग की। उन्होंने आगे पूरे राज्य में फिजिकल पनिशमेंट पर रोक लगाने और काजल के भाई समेत प्रभावित स्टूडेंट्स के पढ़ाई के भविष्य को सुरक्षित करने के लिए निर्देश जारी करने की मांग की।